13-AUG-PAGE-1.qxd 8/12/2023 10:45 PM Page 1

ਐਤਵਾਰ, 13 ਅਗਸਤ, 2023
29 ਸਾਉਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 73

ਨਵਾਂ ਜ਼ਮਾਨਾ

DAILY NAWAN ZAMANA • SUNDAY, 13 AUGUST, 2023 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 8+6=14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਭਾਜਪਾ ਦੇ ਸਹਿਯੋਗੀ ਦਲ ਐੱਨ ਪੀ ਐੱਫ ਸਾਂਸਦ ਨੇ ਲਾਏ ਗੰਭੀਰ ਦੋਸ਼

ਮਨੀਪੁਰ ਮੁੱਦੇ 'ਤੇ ਸਾਨੂੰ ਬੋਲਣ ਤੋਂ ਰੋਕਿਆ, ਸਾਡੇ ਹੱਥ ਬੰਨ੍ਹ ਦਿਤੇ ਗਏ

ਇੰਫਾਲ : ਇੱਕ ਪਾਸੇ ਕੇਂਦਰ ਦਾ ਕਹਿਣਾ ਹੈ ਕਿ ਉਹ ਮਨੀਪੁਰ ਮੁੱਦੇ 'ਤੇ ਸੰਸਦ 'ਚ ਚਰਚਾ ਚਾਹੁੰਦੀ ਸੀ, ਪਰ ਵਿਰੋਧੀ ਧਿਰ ਨੇ ਹਿੱਸਾ ਨਹੀਂ ਲਿਆ। ਉਥੇ ਹੀ ਦੂਜੇ ਪਾਸੇ ਭਾਜਪਾ ਦੇ ਸਹਿਯੋਗੀ ਦਲ ਨਾਗਾ ਪੀਪਲਜ਼ ਫਰੰਟ (ਐੱਨ ਪੀ ਐਫ) ਦੇ ਸਾਂਸਦ ਲੋਰਹੋ ਪਫੋਜ ਨੇ ਮਨੀਪੁਰ ਮੁੱਦੇ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾ ਕਿਹਾ ਕਿ ਉਹ ਸੰਸਦ 'ਚ ਮਨੀਪੁਰ ਮੁੱਦੇ 'ਤੇ ਬੋਲਣਾ ਚਾਹੁੰਦੇ ਸਨ, ਪਰ ਸੀਨੀਅਰ ਆਗੂਆਂ ਨੇ ਉਨ੍ਹਾ ਨੂੰ ਇਜਾਜ਼ਤ ਨਹੀਂ ਦਿੱਤੀ। ਐੱਨ ਪੀ ਐੱਫ ਸਾਂਸਦ ਨੇ ਕਿਹਾ ਕਿ ਉਹ ਭਾਜਪਾ ਦੇ ਸਹਿਯੋਗੀ ਹਨ, ਪਰ ਉਨ੍ਹਾ ਨੂੰ ਆਪਣੇ ਲੋਕਾਂ ਲਈ ਵੀ ਬੋਲਣ ਨਹੀਂ ਦਿੱਤਾ ਗਿਆ। ਇਹ ਪੁੱਛਣ 'ਤੇ ਕਿ ਉਨ੍ਹਾ ਨੂੰ ਕਿਸ ਨੇ ਰੋਕਿਆ, ਲੋਰਹੋ ਪਫੋਜ ਨੇ ਕਿਹਾ, ਸਾਡੇ ਹੱਥ ਬੰਨ੍ਹੇ ਹੋਏ ਹਨ।

ਇਸ ਦੌਰਾਨ ਸਾਂਸਦ ਪਫੋਜ ਨੇ ਰਾਹੁਲ ਗਾਂਧੀ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਰਾਹੁਲ ਗਾਂਧੀ ਵਿਰੋਧੀ ਦਲ ਤੋਂ ਹਨ, ਇਸ ਦੇ ਬਾਵਜੂਦ ਉਹਨਾ ਜਿਸ ਤਰ੍ਹਾਂ ਮਨੀਪੁਰ ਅਤੇ ਉਨ੍ਹਾ ਦੇ ਲੋਕਾਂ ਨਾਲ ਮੁਲਾਕਾਤ ਕੀਤੀ, ਇਸ ਗੱਲ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ। ਉਹਨਾ ਕਿਹਾ ਕਿ ਪ੍ਰਧਾਨ

ਮੰਤਰੀ ਮੋਦੀ ਨੂੰ ਵੀ ਮਨੀਪੁਰ ਜਾਣਾ ਚਾਹੀਦਾ ਸੀ ਅਤੇ ਲੋਕਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣੀ ਚਾਹੀਦੀ ਸੀ। ਪ੍ਰਧਾਨ ਮੰਤਰੀ ਨੇ ਮਨੀਪੁਰ 'ਤੇ ਬਿਲਕੁੱਲ ਵੀ ਧਿਆਨ ਨਹੀਂ ਦਿੱਤਾ ਅਤੇ ਮੈਂ ਇਸ ਗੱਲ ਤੋਂ ਬਹੁਤ ਨਾਰਾਜ਼ ਹਾਂ। ਪਫੋਜ ਦੀ ਨਾਰਾਜਗੀ ਇੱਥੇ ਨਹੀਂ ਰੁਕੀ, ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਨੇ ਬੀਰੇਨ ਸਿੰਘ ਨੂੰ ਬਚਾਇਆ। ਲੋਰਹੋ ਨੇ ਪੱਤਰਕਾਰਾਂ ਨੂੰ ਕਿਹਾ—ਮੈਂ ਸ਼ੁਰੂ ਤੋਂ ਸੰਸਦ ਦੇ ਸੈਸ਼ਨ 'ਚ ਰਿਹਾ। ਮੈਨੂੰ ਕਹਿ ਦਿੱਤਾ ਗਿਆ ਸੀ ਕਿ ਗ੍ਰਹਿ ਮੰਤਰੀ ਇਸ ਮਸਲੇ 'ਤੇ ਗੱਲ ਰੱਖਣਗੇ। ਮੈਂ ਬੋਲਣਾ ਚਾਹੁੰਦਾ ਸੀ ਅਤੇ ਇਹ ਜ਼ਰੂਰੀ ਸੀ। ਮੈਂ ਬਹੁਤ ਕੁਝ ਕਹਿਣਾ ਚਾਹੁੰਦਾ ਸੀ, ਪਰ ਮੈਨੂੰ ਮੌਕਾ ਨਹੀਂ ਦਿੱਤਾ ਗਿਆ। ਉਨ੍ਹਾ ਮੁਤਾਬਕ ਸਾਡਾ ਮਨੀਪੁਰ ਸੜ ਰਿਹਾ ਹੈ। ਸੂਬਾ ਖੂਨ ਨਾਲ ਲਾਲ ਹੈ। ਜਾਤੀ ਹਿੰਸਾ ਨੂੰ 100 ਦਿਨ ਤੋਂ ਉਪਰ ਹੋ ਚੁੱਕੇ ਹਨ। ਇਸ ਸੰਬੰਧ 'ਚ ਮੈਂ ਬਹੁਤ ਜਜ਼ਬਾਤੀ ਹਾਂ, ਕਿਉਂਕਿ ਮੇਰੇ ਲੋਕ ਰੋ ਰਹੇ ਹਨ, ਉਹ ਦੁੱਖ-ਦਰਦ 'ਚ ਹਨ। ਇਹ ਇੱਕ ਤਰ੍ਹਾਂ ਨਾਲ ਬਟਵਾਰਾ ਹੋ ਗਿਆ ਹੈ। ਮਨੀਪੁਰ ਤੋਂ ਹੀ ਭਾਜਪਾ ਸਾਂਸਦ ਆਰ ਕੇ ਰੰਜਨ ਨੇ ਕਿਹਾ—ਮੈਂ ਮਾਨਸੂਨ ਸੈਸ਼ਨ 'ਚ ਮਨੀਪੁਰ 'ਤੇ ਆਪਣੀ ਗੱਲ ਰੱਖਣ ਲਈ ਬੇਨਤੀ ਕੀਤੀ ਸੀ। ਮੈਂ ਆਪਣੇ ਭਾਸ਼ਣ ਲਈ ਤਿਆਰੀ ਵੀ ਕੀਤੀ ਸੀ, ਪਰ ਮੈਨੂੰ ਬੋਲਣ ਲਈ ਟਾਈਮ ਨਹੀਂ ਦਿੱਤਾ ਗਿਆ।

ਲੋਕ ਸਭਾ 'ਚ ਹਾਲ ਹੀ ਦੇ ਦਿਨਾਂ 'ਚ ਬੇਭਰੋਸਗੀ ਪ੍ਰਸਤਾਵ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਦੇ ਦਿੱਤੇ ਇੱਕ ਬਿਆਨ 'ਤੇ ਮਨੀਪੁਰ ਦੇ ਕੁੱਕੀ ਵਿਧਾਇਕਾਂ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਸੂਬੇ ਦੇ ਦਸ ਵਿਧਾਇਕਾਂ ਨੇ ਕਿਹਾ ਕਿ ਗ੍ਰਹਿ ਮੰਤਰੀ ਦਾ ਬਿਆਨ ਬਹੁਤ ਹੀ ਗੈਰ-ਜ਼ਿੰਮੇਵਾਰਾਨਾ ਸੀ। ਅਮਿਤ ਸ਼ਾਹ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ ਸੂਬੇ 'ਚ ਜਾਤੀ ਹਿੰਸਾ ਦਾ ਕਾਰਨ ਮਿਆਂਮਾਰ ਤੋਂ ਗੈਰ-ਕਾਨੂੰਨੀ ਤਰੀਕੇ ਨਾਲ ਆ ਰਹੇ ਸ਼ਰਨਾਰਥੀ ਹਨ।

ਵਿਧਾਇਕਾਂ ਨੇ ਅਮਿਤ ਸ਼ਾਹ ਤੋਂ ਗੈਰ-ਕਾਨੂੰਨੀ ਆ ਰਹੇ ਲੋਕਾਂ ਦਾ ਬਿਊਰਾ ਅਤੇ ਹਿੰਸਾ 'ਚ ਉਨ੍ਹਾਂ ਦੇ ਸ਼ਾਮਲ ਹੋਣ ਦੇ ਸਬੂਤ ਵੀ ਮੰਗੇ। ਜਿਨ੍ਹਾਂ ਦਸ ਕੁੱਕੀ ਵਿਧਾਇਕਾਂ ਨੇ ਗ੍ਰਹਿ ਮੰਤਰੀ ਦੇ ਬਿਆਨ ਦੀ ਆਲੋਚਨਾ ਕੀਤੀ, ਉਨ੍ਹਾ 'ਚ ਸੱਤ ਵਿਧਾਇਕ ਭਾਜਪਾ ਦੇ ਹੀ ਹਨ। ਇਸ ਤੋਂ ਇਲਾਵਾ ਮੀਡੀਆ ਸੂਤਰਾਂ ਮੁਤਾਬਕ ਕੁੱਕੀ ਵਿਧਾਇਕਾਂ ਨੇ ਸੂਬੇ 'ਚ ਮਿਆਂਮਾਰ ਤੋਂ ਆਉਣ ਵਾਲੇ ਕਥਿਤ ਲੋਕਾਂ ਬਾਰੇ ਗ੍ਰਹਿ ਮੰਤਰੀ ਤੋਂ ਜਾਣਕਾਰੀ ਮੰਗੀ।

ਗ੍ਰਹਿ ਮੰਤਰੀ ਨੇ ਲੋਕ ਸਭਾ ਨੂੰ ਦੱਸਿਆ ਕਿ ਸਾਲ 2021 'ਚ ਮਿਆਂਮਾਰ 'ਚ ਤਖ਼ਤਾ ਪਲਟ ਕਾਰਨ ਸੱਤਾ ਤਬਦੀਲੀ ਹੋਈ। ਇਸ ਤੋਂ ਬਾਅਦ ਉਥੇ ਮਿਲਟਰੀ ਦਾ ਸ਼ਾਸਨ ਆ ਗਿਆ। ਉਥੇ ਇੱਕ ਕੁੱਕੀ ਡੈਮੋਕ੍ਰੇਟਿਕ ਫਰੰਟ ਹੈ, ਉਸ ਨੇ ਉਥੇ ਲੋਕਤੰਤਰ ਲਈ ਅੰਦੋਲਨ ਸ਼ੁਰੂ ਕਰ ਦਿੱਤਾ ਤੇ ਉਥੋਂ ਦੇ ਮਿਲਟਰੀ ਸ਼ਾਸਨ ਨੇ ਇਨ੍ਹਾਂ 'ਤੇ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ।

'2024 'ਚ ਨਹੀਂ ਚੜ੍ਹੇਗਾ ਮੋਦੀ ਦਾ ਸੂਰਜ'

ਮੁੰਬਈ : ਨਵੇਂ ਬਣੇ ਵਿਰੋਧੀ ਦਲਾਂ ਦੇ 'ਇੰਡੀਆ' ਗਠਜੋੜ ਵੱਲੋਂ ਲਿਆਂਦੇ ਗਏ ਬੇਭਰੋਸਗੀ ਪ੍ਰਸਤਾਵ ਦੌਰਾਨ ਐੱਨ ਡੀ ਏ ਨੇਤਾ ਅਤੇ ਮੋਦੀ ਦੇ ਭਾਸ਼ਣ ਨੂੰ ਲੈ ਕੇ ਸ਼ਿਵ ਸੈਨਾ ਨੇ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ 'ਤੇ ਹਮਲਾ ਬੋਲਿਆ ਹੈ। ਸ਼ਿਵ ਸੈਨਾ ਦੇ ਮੁੱਖ ਪੱਤਰ ਸਾਮਨਾ ਦੀ ਸੰਪਾਦਕੀ 'ਚ ਪਾਰਟੀ ਨੇ ਕਿਹਾ, 'ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਭਾਸ਼ਣ ਹੰਕਾਰ, ਹੀਣਭਾਵਨਾ ਅਤੇ ਚਿੜਚਿੜੇਪਣ ਨਾਲ ਭਰਿਆ ਸੀ। ਸੰਪਾਦਕੀ 'ਚ ਕਿਹਾ ਗਿਆ ਕਿ ਮਨੀਪੁਰ ਹਿੰਸਾ ਲਈ ਪੰਡਤ ਜਵਾਹਰ ਲਾਲ ਨਹਿਰੂ ਨੂੰ ਦੋਸ਼ੀ ਠਹਿਰਾਉਣਾ ਮੋਦੀ ਦੇ ਰਾਜਨੀਤਕ ਦੀਵਾਲੀਆਪਨ ਨੂੰ ਦਰਸਾਉਂਦਾ ਹੈ। ਮਨੀਪੁਰ 'ਤੇ ਮੋਦੀ ਸਿਰਫ਼ ਤਿੰਨ ਮਿੰਟ ਹੀ ਬੋਲੇ। ਜੇਕਰ ਉਨ੍ਹਾ ਸੰਸਦ ਦੇ ਦੋਵਾਂ ਸਦਨਾਂ 'ਚ ਮਨੀਪੁਰ ਸੰਕਟ 'ਤੇ ਆਪਣਾ ਬਿਆਨ ਦਿੱਤਾ ਹੁੰਦਾ ਤਾਂ 'ਇੰਡੀਆ' ਗਠਜੋੜ ਨੂੰ ਬੇਭਰੋਸਗੀ ਮਤਾ ਨਾ ਲਿਆਉਣਾ ਪੈਂਦਾ ਅਤੇ ਮੋਦੀ ਨੂੰ ਇਸ ਉਮਰ 'ਚ 2 ਘੰਟੇ 13 ਮਿੰਟ ਤੱਕ ਹੰਗਾਮਾ ਨਾ ਕਰਨਾ ਪੈਂਦਾ।' ਇਸ 'ਚ ਕਿਹਾ ਗਿਆ ਹੈ, 'ਮੋਦੀ ਨੇ ਆਪਣੇ ਭਾਸ਼ਣ 'ਚ ਕਾਂਗਰਸ ਨੂੰ ਵੱਡਾ ਬਣਾ ਦਿੱਤਾ। ਪ੍ਰਧਾਨ ਮੰਤਰੀ ਦੇ ਏਨੇ ਲੰਮੇ ਭਾਸ਼ਣ ਨੇ ਇਸ ਗੱਲ ਨੂੰ ਬਲ ਦਿੱਤਾ ਕਿ ਉਨ੍ਹਾ ਦਾ ਸੂਰਜ 2024 'ਚ ਨਹੀਂ ਉਗੇਗਾ।'

ਮਨੀਪੁਰ ਮੁੱਦੇ ਲਈ ਨਹਿਰੂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਮੋਦੀ 'ਤੇ ਨਿਸ਼ਾਨਾ ਲਾਉਂਦੇ ਹੋਏ ਸੰਪਾਦਕੀ 'ਚ ਕਿਹਾ ਗਿਆ ਹੈ, 'ਮੋਰਾਰਜੀ ਦੇਸਾਈ, ਅਟਲ ਬਿਹਾਰੀ ਵਾਜਪਾਈ, ਵੀ ਪੀ ਸਿੰਘ ਗੈਰ-ਕਾਂਗਰਸ ਪ੍ਰਧਾਨ ਮੰਤਰੀ ਬਣੇ ਅਤੇ ਹੁਣ ਮੋਦੀ ਖੁਦ ਦਸ ਸਾਲ ਤੋਂ ਪ੍ਰਧਾਨ ਮੰਤਰੀ ਹੈ। ਇਸ ਦੇ ਬਾਵਜੂਦ ਮਨੀਪੁਰ ਲਈ ਨਹਿਰੂ ਨੂੰ ਦੋਸ਼ੀ ਠਹਿਰਾਉਣਾ ਰਾਜਨੀਤਕ ਦੀਵਾਲੀਆਪਨ ਹੈ, ਕਿਉਂਕਿ ਮੋਦੀ ਜਦ

ਸਾਮਨਾ 'ਚ ਮੋਦੀ-ਸ਼ਾਹ 'ਤੇ ਤਿੱਖੇ ਹਮਲੇ

ਪ੍ਰਧਾਨ ਮੰਤਰੀ ਹਨ ਤਾਂ ਮਨੀਪੁਰ 'ਚ ਔਰਤਾਂ ਨੂੰ ਨੰਗਾ ਕੀਤਾ ਜਾ ਰਿਹਾ ਹੈ ਤੇ ਲੋਕ ਮੋਦੀ ਤੋਂ ਜਵਾਬ ਮੰਗ ਰਹੇ ਹਨ। ਇਸ 'ਚ ਨਹਿਰੂ ਦੀ ਕੀ ਗਲਤੀ ਹੈ?'

ਸੰਪਾਦਕੀ 'ਚ ਕਿਹਾ ਗਿਆ ਕਿ ਬੇਭਰਸੋਗੀ ਮਤੇ ਦੌਰਾਨ ਕਈ ਲੋਕਾਂ ਦੇ ਚਿਹਰੇ ਤੋਂ ਮਖੌਟੇ ਉਤਰੇ। ਇਸ 'ਚ ਅਮਿਤ ਸ਼ਾਹ ਦੀ ਵੀ ਆਲੋਚਨਾ ਕੀਤੀ ਗਈ। ਸੰਪਾਦਕੀ 'ਚ ਕਿਹਾ ਗਿਆ ਕਿ ਉਨ੍ਹਾ ਦੇ ਘੰਟੇ ਤੋਂ ਵੱਧ ਲੰਮੇ ਭਾਸ਼ਣ 'ਚ ਧਮਕੀ, ਚੇਤਾਵਨੀ ਅਤੇ ਕਾਂਗਰਸ ਦੀ ਮਾਣਹਾਨੀ ਤੋਂ ਇਲਾਵਾ ਕੁਝ ਨਹੀਂ ਸੀ। ਸੰਪਾਦਕੀ 'ਚ ਦਾਅਵਾ ਕੀਤਾ ਗਿਆ ਕਿ ਅਮਿਤ ਸ਼ਾਹ ਕੋਈ ਆਜ਼ਾਦੀ ਘੁਲਾਟੀਆ ਜਾਂ ਅੰਦੋਲਨ 'ਚੋਂ ਨਿਕਲਿਆ ਨੇਤਾ ਨਹੀਂ ਹੈ, ਉਹ ਗ੍ਰਹਿ ਮੰਤਰੀ ਹਨ, ਕਿਉਂਕਿ ਮੋਦੀ ਨੂੰ ਗੈਰ-ਕਾਨੂੰਨੀ ਆਦੇਸ਼ਾਂ ਨੂੰ ਲਾਗੂ ਕਰਾਉਣ ਲਈ ਉਨ੍ਹਾ ਦੀ ਜ਼ਰੂਰਤ ਹੈ।

ਸੰਪਾਦਕੀ 'ਚ ਕਿਹਾ ਹੈ, 'ਇੱਕ ਤਾਨਾਸ਼ਾਹ ਨੂੰ ਆਪਣੇ ਗੈਰ-ਕਾਨੂੰਨੀ ਆਦੇਸ਼ਾਂ ਨੂੰ ਲਾਗੂ ਕਰਾਉਣ ਲਈ ਇੱਕ ਕਰੀਬੀ ਵਿਸ਼ਵਾਸ਼ਪਾਤਰ ਦੀ ਜ਼ਰੂਰਤ ਹੁੰਦੀ ਹੈ। ਦੇਸ਼ 'ਚ ਜੋ ਦਬਾਅ ਅਤੇ ਅੱਤਵਾਦ ਚੱਲ ਰਿਹਾ ਹੈ, ਉਸ ਦਾ ਕਾਰਨ ਇਹ ਹੈ ਕਿ ਗ੍ਰਹਿ ਮੰਤਰਾਲਾ ਅਤੇ ਜਾਂਚ ਵਿਵਸਥਾ ਅਮਿਤ ਸ਼ਾਹ ਦੇ ਹੱਥਾਂ 'ਚ ਹੈ, ਪਰ 2024 ਤੋਂ ਬਾਅਦ ਇਹ ਸਭ ਉਨ੍ਹਾ ਕੋਲ ਨਹੀਂ ਰਹੇਗਾ। ਕਾਂਗਰਸ ਤੋਂ ਮੋਦੀ ਸ਼ਾਹ ਡਰੇ ਹੋਏ ਹਨ, ਇਹੀ ਕਾਰਨ ਹੈ ਕਿ ਕਾਂਗਰਸ 'ਤੇ ਹਮਲਾ ਕਰ ਰਹੇ ਹਨ। ਇਹ ਉਹਨਾ ਦੀ ਮਾਨਸਿਕਤਾ ਹੈ।'

ਕੱਕੜ ਪਾਕਿ ਦੇ ਕੇਅਰਟੇਕਰ ਪ੍ਰਧਾਨ ਮੰਤਰੀ

ਇਸਲਾਮਾਬਾਦ : ਬਲੋਚਿਸਤਾਨ ਅਵਾਮੀ ਪਾਰਟੀ ਦੇ ਸੈਨੇਟਰ ਅਨਵਰ ਉਲ ਹੱਕ ਕੱਕੜ ਨੂੰ ਪਾਕਿਸਤਾਨ ਦੇ ਕੇਅਰਟੇਕਰ ਦੇ ਤੌਰ 'ਤੇ ਪ੍ਰਧਾਨ ਮੰਤਰੀ ਚੁਣਿਆ ਗਿਆ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਫ਼ਤਰ ਨੇ ਸ਼ਨੀਵਾਰ ਇਹ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਬਿਆਨ ਅਨੁਸਾਰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਵਿਰੋਧੀ ਧਿਰ ਦੇ ਨੇਤਾ ਰਾਜਾ ਰਿਆਜ ਵੱਲੋਂ ਕੱਕੜ ਨੂੰ ਕੇਅਰਟੇਕਰ ਪ੍ਰਧਾਨ ਮੰਤਰੀ ਦੇ ਰੂਪ 'ਚ ਨਿਯੁਕਤ ਕਰਨ ਦੇ ਸੰਬੰਧ 'ਚ ਕੀਤੀ ਗਈ ਸਿਫਾਰਿਸ਼ ਨੂੰ ਰਾਸ਼ਟਰਪਤੀ ਆਰਿਫ ਅਲਵੀ ਕੋਲ ਭੇਜ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਸ਼ਾਹਬਾਜ਼ ਨਾਲ ਮੁਲਾਕਾਤ ਤੋਂ ਬਾਅਦ ਪ੍ਰਧਾਨ ਮੰਤਰੀ ਨਿਵਾਸ ਦੇ ਬਾਹਰ ਮੀਡੀਆ ਨਾਲ ਗੱਲਬਾਤ 'ਚ ਰਾਜਾ ਰਿਆਜ ਨੇ ਇਸ ਦੀ ਪੁਸ਼ਟੀ ਕੀਤੀ।

ਸੁਪਰੀਮ ਕੋਰਟ ਨੇ ਯੋਗੀ ਦੇ ਕਾਰਜਕਾਲ 'ਚ ਹੋਏ ਪੁਲਸ ਐਨਕਾਊਂਟਰ ਦੀ ਜਾਂਚ ਰਿਪੋਰਟ ਮੰਗੀ

ਨਵੀਂ ਦਿੱਲੀ : ਗੈਂਗਸਟਰ ਤੋਂ ਨੇਤਾ ਬਣੇ ਅਤੀਕ ਅਹਿਮਦ ਅਤੇ ਉਸ ਦੇ ਭਰਾ ਦੀ ਪੁਲਸ ਹਿਰਾਸਤ 'ਚ ਹੋਈ ਹੱਤਿਆ 'ਚ ਨੀਤੀਗਤ ਖਾਮੀ ਦਾ ਖਦਸ਼ਾ ਜ਼ਾਹਰ ਕਰਦੇ ਹੋਏ ਸੁਪਰੀਮ ਕੋਰਟ ਨੇ ਯੋਗੀ ਅਦਿੱਤਿਆਨਾਥ ਦੀ ਸਰਕਾਰ ਆਉਣ ਤੋਂ ਬਾਅਦ ਉਤਰ ਪ੍ਰਦੇਸ਼ 'ਚ ਹੋਏ ਪੁਲਸ ਮੁਕਾਬਲਿਆਂ 'ਚ ਹੋਈਆਂ 183 ਮੌਤਾਂ ਦੀ ਜਾਂਚ ਦੀ ਸਟੇਟਸ ਰਿਪੋਰਟ ਤਲਬ ਕੀਤੀ ਹੈ। 'ਟਾਇਮਜ਼ ਆਫ਼ ਇੰਡੀਆ' ਅਨੁਸਾਰ ਅਦਾਲਤ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੀਆਂ ਹੱਤਿਆਵਾਂ ਦੀ ਜਾਂਚ ਲਈ ਐੱਨ ਐੱਚ ਆਰ ਸੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੱਕ ਅਖਿਲ ਭਾਰਤੀ ਤੰਤਰ ਸਥਾਪਤ ਕਰਨਾ ਚਾਹੁੰਦੀ ਹੈ।

ਜਸਟਿਸ ਐੱਸ ਆਰ ਭੱਟ ਅਤੇ ਜਸਟਿਸ ਅਰਵਿੰਦ ਕੁਮਾਰ ਦੀ ਬੈਂਚ ਨੇ ਉਤਰ ਪ੍ਰਦੇਸ਼ ਦੇ ਸਰਕਾਰੀ ਵਕੀਲ ਅਜੈ ਕੁਮਾਰ ਮਿਸ਼ਰਾ ਨੂੰ ਕਿਹਾ ਕਿ ਸੂਬਾ ਸਰਕਾਰ ਛੇ ਹਫ਼ਤਿਆਂ 'ਚ ਇੱਕ ਹਲਫ਼ਨਾਮਾ ਦਾਖ਼ਲ ਕਰੇ, ਜਿਸ 'ਚ ਪਿਛਲੇ ਛੇ ਸਾਲਾਂ 'ਚ ਹੋਏ ਸਾਰੇ ਪੁਲਸ ਮੁਕਾਬਲਿਆਂ 'ਚ ਹੱਤਿਆ ਦੀ ਜਾਂਚ ਦੀ ਸਥਿਤੀ ਦਾ ਵੇਰਵਾ ਦਿੱਤਾ ਜਾਵੇ ਅਤੇ ਉਨ੍ਹਾਂ ਮਾਮਲਿਆਂ ਦਾ ਜ਼ਿਕਰ ਕੀਤਾ ਜਾਵੇ, ਜਿਨ੍ਹਾਂ 'ਚ ਇਨ੍ਹਾਂ ਮਾਮਲਿਆਂ 'ਚ ਦੋਸ਼ ਪੱਤਰ ਦਾਖ਼ਲ ਹੋ ਚੁੱਕੇ ਹਨ ਅਤੇ ਮੁਕੱਦਮੇ ਦੀ ਸੁਣਵਾਈ ਚੱਲ ਰਹੀ ਹੈ।

ਭਾਜਪਾ ਦੀ ਕਿਸਾਨ ਨੇਤਾ ਨੇ ਇਤਰਾਜ਼ਯੋਗ ਤਸਵੀਰਾਂ ਵਾਇਰਲ ਹੋਣ 'ਤੇ ਕੀਤੀ ਖੁਦਕੁਸ਼ੀ

ਗੁਹਾਟੀ : ਅਸਾਮ 'ਚ ਭਾਜਪਾ ਦੀ ਮਹਿਲਾ ਆਗੂ ਨੇ ਪਾਰਟੀ ਦੇ ਸੀਨੀਅਰ ਨੇਤਾ ਨਾਲ ਉਸ ਦੀਆਂ ਕੁਝ ਇਤਰਾਜ਼ਯੋਗ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਬਾਅਦ ਕਥਿਤ ਤੌਰ 'ਤੇ ਖੁਦਕੁਸ਼ੀ ਕਰ ਲਈ। ਘਟਨਾ ਗੁਹਾਟੀ ਦੇ ਬਾਮੁਨੀਮਾਈਦਮ ਇਲਾਕੇ 'ਚ ਸ਼ੁੱਕਰਵਾਰ ਰਾਤ ਨੂੰ ਵਾਪਰੀ। ਮ੍ਰਿਤਕਾ ਦੀ ਪਛਾਣ ਇੰਦਰਾਣੀ ਤਹਬਿਲਦਾਰ ਵਜੋਂ ਹੋਈ ਹੈ, ਜੋ ਸੂਬਾ ਭਾਜਪਾ ਦੀ ਪ੍ਰਮੁੱਖ ਮੈਂਬਰ ਸੀ।

ਤਹਬਿਲਦਾਰ ਚੈਂਬਰ ਆਫ ਕਾਮਰਸ ਦੇ ਮੀਤ ਪ੍ਰਧਾਨ ਦੇ ਅਹੁਦੇ 'ਤੇ ਸੀ ਅਤੇ ਉਹ ਕਿਸਾਨ ਮੋਰਚੇ ਦੀ ਖਜ਼ਾਨਚੀ ਵੀ ਸੀ। ਸੂਤਰਾਂ ਮੁਤਾਬਕ ਤਹਬਿਲਦਾਰ ਦੇ ਭਾਜਪਾ ਆਗੂ ਨਾਲ ਕਥਿਤ ਨਜਾਇਜ਼ ਸੰਬੰਧ ਸਨ। ਉਹ ਉਸ ਦੇ ਘਰ ਕਿਰਾਏਦਾਰ ਵਜੋਂ ਰਹਿੰਦਾ ਸੀ। ਕਥਿਤ ਜੋੜੇ ਦੀਆਂ ਕੁਝ ਤਸਵੀਰਾਂ ਹਾਲ ਹੀ 'ਚ ਆਨਲਾਈਨ ਲੀਕ ਹੋਈਆਂ ਹਨ। ਦੋਸ਼ ਹੈ ਕਿ ਮਹਿਲਾ ਭਾਜਪਾ ਨੇਤਾ ਨੇ ਆਪਣੀਆਂ ਤਸਵੀਰਾਂ ਜਨਤਕ ਹੋਣ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਕੇਂਦਰੀ ਗੁਹਾਟੀ ਦੇ ਡੀ ਸੀ ਪੀ ਦੀਪਕ ਚੌਧਰੀ ਨੇ ਕਿਹਾ ਕਿ ਪੁਲਸ ਘਟਨਾ ਦੀ ਜਾਂਚ ਕਰ ਰਹੀ ਹੈ। ਇਸ ਨੂੰ ਗੈਰ-ਕੁਦਰਤੀ ਮੌਤ ਮੰਨਿਆ ਗਿਆ ਹੈ ਅਤੇ ਇਸ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਮੋਦੀ ਜੀ, ਮੁਸਲਮਾਨਾਂ ਦੇ ਮਨ ਦੀ ਵੀ ਗੱਲ ਸੁਣੋ : ਸ਼ਾਹੀ ਇਮਾਮ

ਨਵੀਂ ਦਿੱਲੀ : ਦਿੱਲੀ ਦੇ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਨੇ ਕਿਹਾ ਹੈ ਕਿ ਦੇਸ਼ ਅੱਜ ਸੰਪਰਦਾਇਕਤਾ ਦੀ ਜਕੜ 'ਚ ਹੈ। ਇਹ ਸੰਪਰਦਾਇਕਤਾ ਦੇਸ਼ ਲਈ ਵੱਡਾ ਖ਼ਤਰਾ ਹੈ। ਖੁੱਲ੍ਹੇਆਮ ਇੱਕ ਧਰਮ ਨੂੰ ਮੰਨਣ ਵਾਲੇ ਲੋਕਾਂ ਨੂੰ ਧਮਕੀ ਦਿੱਤੀ ਜਾ ਰਹੀ ਹੈ। ਪੰਚਾਇਤਾਂ ਕਰਕੇ ਕਿਹਾ ਜਾ ਰਿਹਾ ਹੈ ਕਿ ਮੁਸਲਮਾਨਾਂ ਦਾ ਬਾਈਕਾਟ ਕਰੋ।

ਐੱਸ ਡੀ ਕਾਲਜ ਦੇ ਬੀ ਏ ਸਮੈਸਟਰ ਚੌਥੇ ਦਾ ਨਤੀਜਾ ਸ਼ਾਨਦਾਰ

ਮੋਗਾ (ਅਮਰਜੀਤ ਬੱਬਰੀ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਬੀ. ਏ. ਦੀ ਪ੍ਰੀਖਿਆ ਦੇ ਚੌਥੇ ਸਮੈਸਟਰ ਦੇ ਨਤੀਜੇ ਵਿੱਚ ਐੱਸ ਡੀ ਕਾਲਜ ਫਾਰ ਵੋਮੈਨ ਮੋਗਾ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਪ੍ਰਿੰਸੀਪਲ ਡਾ. ਨੀਨਾ ਅਨੇਜਾ ਨੇ ਵਿਦਿਆਰਥਣਾਂ ਦੀ ਕਾਮਯਾਬੀ ਤੇ ਦਿਲੀ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਕਿ ਸ਼ਾਨਦਾਰ ਨਤੀਜਾ ਵਿਦਿਆਰਥਣਾਂ ਤੇ ਸਟਾਫ ਦੀ ਸਖਤ ਮਿਹਨਤ ਦਾ ਫਲ ਹੈ। ਪ੍ਰਿੰਸੀਪਲ ਨੇ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ ਕਿ ਬੀ.ਏ. ਚੌਥੇ ਸਮੈਸਟਰ ਦੀਆਂ ਵਿਦਿਆਰਥਣਾਂ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਈਆਂ ਹਨ। ਬੀ.ਏ. ਦੇ ਚੌਥੇ ਸਮੈਸਟਰ ਵਿੱਚ ਮਿਸ ਨੈਨਸੀ ਨੇ 82%(328/400) ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਮਿਸ ਅਨੂ ਨੇ 81.37%/(354/435) ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ, ਮਿਸ ਮਾਨਸੀ ਨੇ 80.5%(322/400)ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਤ ਵਿੱਚ ਕਾਲਜ ਪ੍ਰਿੰਸੀਪਲ ਤੇ ਕਾਲਜ ਦੀ ਪ੍ਰਬੰਧਕੀ ਕਮੇਟੀਦੇ ਚੇਅਰਮੈਨ ਡਾ. ਆਰ. ਸੀ. ਮਿੱਤਲ ਨੇ ਸਮੂਹ ਪ੍ਰਬੰਧਕੀ ਕਮੇਟੀ ਵੱਲੋਂ ਆਰਟਸ ਵਿਭਾਗ ਦੇ ਸਮੂਹ ਸਟਾਫ ਤੇ ਵਿਦਿਆਰਥਣਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥਣਾਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲਿਆਂ 'ਚ ਦਸਮੇਸ਼ ਪਬਲਿਕ ਸਕੂਲ ਨੇ ਮਾਰੀਆਂ ਮੱਲਾਂ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਬੀਤੇ ਦਿਨੀਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸਮੁੱਚੇ ਜ਼ਿਲ੍ਹੇ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਦਸਮੇਸ਼ ਪਬਲਿਕ ਸਕੂਲ ਦੇ 8 ਹੋਣਹਾਰ ਵਿਦਿਆਰਥੀਆਂ ਨੇ ਵੀ ਵੱਖ ਵੱਖ ਵੰਨਗੀਆਂ ਵਿੱਚ ਭਾਗ ਲੈਦਿਆਂ ਕਵਿਤਾ ਸਿਰਜਣ ਵਿੱਚ ਨੌਵੀਂ ਜਮਾਤ ਦੇ ਵਿਦਿਆਰਥੀ ਅੰਜਨਵੀਰ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਨੌਵੀਂ ਜਮਾਤ ਦੀ ਵਿਦਿਆਥਣ ਪੁਨੀਤ ਕੌਰ ਨੇ ਕਹਾਣੀ ਲਿਖਣ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਕਵਿਤਾ ਗਾਇਨ ਵਿੱਚ ਜਪਜੀ ਸੰਧੂ ਨੂੰ ਕੌਂਸੋਲੇਸ਼ਨ ਇਨਾਮ ਪ੍ਰਾਪਤ ਹੋਇਆ। ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਪ੍ਰਿੰਸੀਪਲ ਅਪੂਰਵ ਦੇਵਗਨ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਅਤੇ ਕੋਆਰਡੀਨੇਟਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜਸਬੀਰ ਸਿੰਘ ਸੰਧੂ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਅਤੇ ਪ੍ਰਿੰਸੀਪਲ ਨੂੰ ਵਧਾਈ ਦਿੱਤੀ।

ਵਧੀਆ ਕਾਰਗੁਜ਼ਾਰੀ ਕਰਨ ਵਾਲੇ ਪੁਲਸ ਮੁਲਾਜ਼ਮ ਸਨਮਾਨਤ

ਬਾਘਾ ਪੁਰਾਣਾ (ਮਨੀ ਸਿੰਗਲਾ)-ਡੀ ਜੀ ਪੀ ਪੰਜਾਬ ਵੱਲੋਂ ਜ਼ਿਲ੍ਹਾ ਫਿਰੋਜ਼ਪੁਰ ਦੇ ਦੌਰੇ ਦੌਰਾਨ ਜ਼ਿਲ੍ਹਾ ਪੁਲਿਸ ਮੋਗਾ ਦੇ ਵਧੀਆ ਕਾਰਗੁਜ਼ਾਰੀ ਕਰਨ ਵਾਲੇ ਸੀ ਆਈ ਏ ਸਟਾਫ ਬਾਘਾ ਪੁਰਾਣਾ ਦੇ ਇੰਚਾਰਜ ਦਿਲਜੀਤ ਸਿੰਘ ਅਤੇ ਹੋਰਾਂ ਪੁਲਸ ਮੁਲਾਜਮਾਂ ਦੀ ਹੌਸਲਾ ਅਫਜ਼ਾਈ ਅਤੇ ਮਨੋਬਲ ਉਚਾ ਕਰਨ ਲਈ ਸਨਮਾਨਤ ਕੀਤਾ ਗਿਆ ਅਤੇ ਭਵਿੱਖ ਵਿਚ ਵੀ ਆਪਣੀ ਡਿਊਟੀ ਵਧੀਆ ਤਰੀਕੇ ਨਾਲ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਪੰਜਾਬ ਸਰਕਾਰ ਮੁਲਾਜ਼ਮ ਮੰਗਾਂ ਦਾ ਤੁਰੰਤ ਹੱਲ ਕਰੇ : ਸੁਰਿੰਦਰ ਕੰਬੋਜ

■ ਪ ਸ ਸ ਫ (ਵਿਗਿਆਨਕ) ਤਹਿਸੀਲ ਜਲਾਲਾਬਾਦ ਦੀ ਮੀਟਿੰਗ

ਜਲਾਲਾਬਾਦ (ਜੀਤ ਕੁਮਾਰ) ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਤੇ ਕਨਫੈਡਰੇਸ਼ਨ ਆਫ ਸੈਂਟਰਲ ਗੌਰਮਿੰਟ ਇੰਪਲਾਈਜ਼ ਤੇ ਵਰਕਰਜ਼ ਵੱਲੋਂ ਮੁਲਾਜ਼ਮ ਮੰਗਾਂ ਦੀ ਪੂਰਤੀ ਲਈ ਭਾਰਤ ਛੱਡੋ ਅੰਦੋਲਨ ਦੀ 81ਵੀਂ ਵਰ੍ਹੇਗੰਢ ਨੂੰ ਸਮਰਪਤ ਦਿੱਲੀ ਵਿੱਚ ਸੰਘਰਸ਼ ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਤਹਿਤ ਅੱਜ ਜ਼ਿਲ੍ਹਾ ਫਾਜ਼ਿਲਕਾ ਵਿਖੇ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ (ਵਿਗਿਆਨਕ) ਤਹਿਸੀਲ ਜਲਾਲਾਬਾਦ ਵੱਲੋਂ ਮੀਟਿੰਗ ਕਰਕੇ ਇਸ ਧਰਨੇ ਨੂੰ ਸਫਲ ਬਣਾਉਣ ਲਈ ਪ੍ਰਚਾਰ ਮੁਹਿੰਮ ਸ਼ੁਰੂ ਕੀਤੀ ਗਈ। ਇਸ ਸਮੇਂ ਸੁਰਿੰਦਰ ਕੰਬੋਜ ਸੂਬਾਈ ਜੁਆਇੰਟ ਸਕੱਤਰ ਪ ਸ ਸ ਫ (ਵਿਗਿਆਨਕ) ਨੇ ਦੱਸਿਆ ਕਿ 3 ਨਵੰਬਰ 2023 ਨੂੰ ਦਿੱਲੀ ਵਿਖੇ ਪੂਰੇ ਦੇਸ਼ ਵਿੱਚੋਂ ਰਾਜ ਤੇ ਕੇਂਦਰੀ ਮੁਲਾਜ਼ਮਾਂ ਦਾ ਵੱਡਾ ਇਕੱਠ ਕੀਤਾ ਜਾ ਰਿਹਾ ਹੈ, ਜਿਸ ਵਿੱਚ ਮੁਲਾਜ਼ਮ ਮੰਗਾਂ ਜਿਵੇਂ ਕਿ ਪੀ ਐੱਫ ਆਰ ਡੀ ਏ ਬਿੱਲ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਪੂਰਨ ਰੂਪ ਵਿੱਚ ਲਾਗੂ ਕੀਤੀ ਜਾਵੇ, ਸਾਰੇ ਕੱਚੇ ਕਾਮੇ ਆਉਟ ਸੋਰਸਿੰਗ, ਸੁਸਾਇਟੀਆਂ ਵਿੱਚ ਕੰਮ ਕਰਨ ਵਾਲੇ ਕਾਮੇ ਪੱਕੇ ਕੀਤੇ ਜਾਣ, ਜਨਤਕ ਖੇਤਰਾਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ, ਪੰਜਾਬ ਦੇ ਮੁਲਾਜ਼ਮਾਂ ਤੇ ਸੱਤਵਾਂ ਪੇ ਕਮਿਸ਼ਨ ਤੇ ਕੇਂਦਰ ਦੇ ਮੁਲਾਜ਼ਮਾਂ ਲਈ ਅੱਠਵੇਂ ਤਨਖਾਹ ਕਮਿਸ਼ਨ ਦਾ ਗਠਨ ਕੀਤਾ ਜਾਵੇ, ਜ਼ਬਤ ਕੀਤੇ ਗਏ ਏਰੀਅਰ ਅਤੇ ਡੀ ਏ ਦੀਆਂ ਕਿਸ਼ਤਾ ਦਾ ਤਰੁੰਤ ਭੁਗਤਾਨ ਕੀਤਾ ਜਾਵੇ, ਤਰਸ ਦੇ ਅਧਾਰਤ ਨੌਕਰੀਆਂ 'ਤੇ ਲਾਈ ਪਾਬੰਦੀ ਰੱਦ ਕੀਤੇ ਜਾਣ, ਯੂਨੀਅਨ ਦੇ ਲੋਕਤੰਤਰਿਕ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਯਕੀਨੀ ਬਣਾਇਆ ਜਾਵੇ ਆਦਿ ਮੰਗ ਪੱਤਰ ਵਿੱਚ ਦਰਜ ਮੰਗਾਂ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਮੇਂ ਇਕੱਠੇ ਹੋਏ ਮੁਲਾਜ਼ਮਾਂ ਨੇ ਅਹਿਦ ਕੀਤਾ ਕਿ ਇਸ ਧਰਨੇ ਨੂੰ ਸਫਲ ਬਣਾਉਣ ਲਈ ਨੁੱਕੜ ਮੀਟਿੰਗਾਂ ਕਰਕੇ ਹਰੇਕ ਮੁਲਾਜ਼ਮ ਤੱਕ ਪਹੁੰਚ ਕੀਤੀ ਜਾਵੇਗੀ, ਜਿਸ ਵਿੱਚ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਵੱਲੋਂ ਦਿੱਲੀ ਧਰਨੇ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

ਇਸ ਮੌਕੇ ਮੇਜਰ ਸਿੰਘ ਜ਼ਿਲ੍ਹਾ ਜਨਰਲ ਸਕੱਤਰ, ਗੁਰਨਾਮ ਚੰਦ, ਰੇਸ਼ਮ ਸਿੰਘ, ਸਰਬੂਟਾ ਸਿੰਘ, ਰਾਜੇਸ਼ ਕੁਮਾਰ, ਅਸ਼ੋਕ ਕੁਮਾਰ, ਸੁਖਵਿੰਦਰ ਸਿੰਘ ਡੀ ਪੀ, ਰਿੰਕੂ ਬਾਲਾ, ਕੁਲਵਿੰਦਰ ਕੌਰ, ਵੰਦਨਾ ਰਾਣੀ, ਗੁਰਪ੍ਰੀਤ ਕੌਰ, ਕਪਿਲ ਕਪੂਰ, ਪ੍ਰੇਮ ਸਿੰਘ, ਗੁਰਿੰਦਰ ਸਿੰਘ, ਛਾਂਗਾ ਰਾਮ ਆਦਿ ਮੁਲਾਜ਼ਮ ਹਾਜ਼ਰ ਸਨ।

ਵਿਧਾਇਕ ਵੱਲੋਂ ਸ਼ਹੀਦ ਕਰਨੈਲ ਸਿੰਘ ਈਸੜੂ ਦੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਰਿਵਿਊ ਮੀਟਿੰਗ

■ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੌਨੂੰ)-ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਪਿੰਡ ਈਸੜੂ (ਖੰਨਾ) ਵਿਖੇ 15 ਅਗਸਤ ਨੂੰ ਪਹੁੰਚ ਕੇ ਗੋਆ ਦੀ ਅਜ਼ਾਦੀ ਦੇ ਮਹਾਨ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਦੇ ਆਦਮਕੱਦ ਬੁੱਤ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਸ਼ਹੀਦ ਨੂੰ ਸ਼ਰਧਾਂਜਲੀ ਅਰਪਿਤ ਕਰਨਗੇ। ਵਿਧਾਇਕ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਇਸ ਰਾਜ ਪੱਧਰੀ ਸਮਾਗਮ ਦੇ ਪ੍ਰਬੰਧ ਕਰਨ ਸਬੰਧੀ ਸਿਵਲ ਤੇ ਪੁਲਸ ਪ੍ਰਸ਼ਾਸਨਕ ਅਧਿਕਾਰੀਆਂ ਨਾਲ ਪਿੰਡ ਈਸੜੂ ਵਿਖੇ ਰਿਵਿਊ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਸ੍ਰੀ ਅਮਰਜੀਤ ਬੈਂਸ ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ, ਉੱਪ-ਮੰਡਲ ਮੈਜਿਸਟਰੇਟ ਖੰਨਾ ਸ੍ਰੀਮਤੀ ਸਵਾਤੀ ਟਿਵਾਣਾ ਵੀ ਸ਼ਾਮਲ ਸਨ।

ਵਿਧਾਇਕ ਸੌਂਦ ਨੇ ਕਿਹਾ ਕਿ ਇਸ ਰਾਜ ਪੱਧਰੀ ਸਮਾਗਮ ਦੇ ਓਵਰਆਲ ਇੰਚਾਰਜ ਸ੍ਰੀ ਅਮਰਜੀਤ ਬੈਂਸ ਵਧੀਕ ਮੁੱਖ ਪ੍ਰਸ਼ਾਸਕ ਗਲਾਡਾ, ਲੁਧਿਆਣਾ ਹੋਣਗੇ। ਇਸ ਮੌਕੇ ਜਾਣਕਾਰੀ ਦਿੰਦਿਆਂ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਕਿ 15 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਪੰਜਾਬ ਸਰਕਾਰ ਦੇ ਕੈਬਿਨਟ ਮੰਤਰੀਆਂ, ਵਿਧਾਇਕਾਂ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸੀਅਤਾਂ ਵੀ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਨੂੰ ਸ਼ਰਧਾਂਜਲੀ ਭੇਟ ਕਰਨਗੀਆਂ। ਇਸ ਰਾਜ ਪੱਧਰੀ ਸਮਾਗਮ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਧੀਕ ਮੁੱਖ ਪ੍ਰਸ਼ਾਸਕ ਗਲਾਡਾ ਲੁਧਿਆਣਾ ਸ੍ਰੀ ਅਮਰਜੀਤ ਬੈਂਸ ਦੇ ਨਾਲ ਉਪ ਮੰਡਲ ਮੈਜਿਸਟਰੇਟ ਖੰਨਾ ਸ੍ਰੀਮਤੀ ਸਵਾਤੀ ਟਿਵਾਣਾ ਨੇ ਪਿੰਡ ਈਸੜੂ ਵਿਖੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਰਾਜ ਪੱਧਰੀ ਸਮਾਗਮ ਨੂੰ ਸਫਲ ਬਣਾਉਣ ਲਈ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ। ਵਧੀਕ ਮੁੱਖ ਪ੍ਰਸਾਸਕ ਗਲਾਡਾ ਲੁਧਿਆਣਾ ਅਮਰਜੀਤ ਬੈਂਸ ਤੇ ਉੱਪ ਮੰਡਲ ਮੈਜਿਸਟਰੇਟ ਖੰਨਾ ਸ੍ਰੀਮਤੀ ਸਵਾਤੀ ਟਿਵਾਣਾ ਨੇ ਇਸ ਮੌਕੇ ਕਿਹਾ ਕਿ ਰਾਜ ਪੱਧਰੀ ਸਮਾਗਮ ਲਈ ਪਿੰਡ ਈਸੜੂ ਵਿਖੇ ਸ਼ਮੂਲੀਅਤ ਕਰਨ ਵਾਲੀ ਸੰਗਤ ਦੇ ਬੈਠਣ ਦਾ ਪ੍ਰਬੰਧ ਤੇ ਗਰਮੀ ਦੇ ਮੌਸਮ ਨੂੰ ਧਿਆਨ 'ਚ ਰੱਖਦਿਆਂ ਹੋਰ ਪੁਖਤਾ ਪ੍ਰਬੰਧ ਕੀਤੇ ਜਾਣਗੇ। ਮੀਟਿੰਗ ਦੌਰਾਨ ਤਹਿਸੀਲਦਾਰ ਸ੍ਰੀ ਹਰਮਿੰਦਰ ਸਿੰਘ ਹੁੰਦਲ, ਡੀ.ਐੱਸ.ਪੀ. ਸ੍ਰੀ ਰਾਜੇਸ਼ ਕੁਮਾਰ, ਨਾਇਬ ਤਹਿਸੀਲਦਾਰ ਸ੍ਰੀਮਤੀ ਗੁਰਪ੍ਰੀਤ ਕੌਰ ਚੀਮਾ, ਕਾਰਜ ਸਾਧਕ ਅਫਸਰ ਨਗਰ ਕੌਂਸਲ ਸ੍ਰੀ ਚਰਨਜੀਤ ਸਿੰਘ, ਸਕੱਤਰ ਮਾਰਕੀਟ ਕਮੇਟੀ ਖੰਨਾ ਸੁਰਜੀਤ ਸਿੰਘ, ਹਲਕਾ ਕੁਆਰਡੀਨੇਟਰ ਸ੍ਰ. ਜਗਤਾਰ ਸਿੰਘ ਰਤਨਹੇੜੀ, ਪੀ ਏ ਸ੍ਰੀ ਮਹੇਸ਼ ਕੁਮਾਰ, ਸ੍ਰੀ ਲਛਮਣ ਸਿੰਘ, ਸ੍ਰੀ ਮਲਕੀਤ ਸਿੰਘ ਮੀਤਾ, ਸ੍ਰੀ ਜਗਤਾਰ ਸਿੰਘ ਔਜਲਾ, ਸ੍ਰੀ ਗੁਰਜੀਤ ਸਿੰਘ ਘੋਗਾ, ਮਾਸਟਰ ਰਾਮ ਸਿੰਘ, ਮਾਸਟਰ ਅਵਤਾਰ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

ਆਂਗਣਵਾੜੀ ਸੈਂਟਰ 'ਚ ਆਜ਼ਾਦੀ ਦਿਵਸ ਮਨਾਇਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)

ਸਥਾਨਕ ਆਂਗਣਵਾੜੀ ਸੈਂਟਰ ਨੰ. 122 ਵਿੱਚ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਦੀਆਂ ਹਦਾਇਤਾਂ ਅਨੁਸਾਰ ਈ.ਸੀ.ਸੀ.ਈ. ਤਹਿਤ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਆਜ਼ਾਦੀ ਦਿਵਸ ਮਨਾਇਆ ਗਿਆ।

ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਨੇ ਬੱਚਿਆਂ ਨੂੰ ਆਜ਼ਾਦੀ ਦਿਵਸ ਤੇ ਰਾਸ਼ਟਰੀ ਝੰਡੇ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਵੱਲੋਂ ਰਾਸ਼ਟਰੀ ਗੀਤ ਗਾਇਆ ਗਿਆ।

ਬੱਚਿਆਂ ਵੱਲੋਂ ਦੇਸ਼ ਭਗਤੀ ਦੇ ਗੀਤਾਂ, ਕਵਿਤਾਵਾਂ ਸੁਣਾਈਆਂ ਗਈਆਂ। ਇਸ ਮੌਕੇ ਮੈਡਮ ਸੁਸ਼ਮਾ ਰਾਣੀ, ਹੈਲਪਰ ਗੁਰਪ੍ਰੀਤ ਕੌਰ, ਸਨਦੀਪ ਕੌਰ, ਭੋਲੀ ਰਾਣੀ, ਦੇਵਿੰਦਰ ਕੌਰ, ਮਨੀਸ਼ਾ ਰਾਣੀ, ਸੁਖਰਾਜ ਕੌਰ, ਪਲਵਿੰਦਰ ਕੌਰ, ਮਲਕੀਤ ਕੌਰ ਆਦਿ ਹਾਜ਼ਰ ਸਨ।

ਭਾਸ਼ਾ ਵਿਭਾਗ ਵੱਲੋਂ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਭਾਸ਼ਾ ਵਿਭਾਗ ਪੰਜਾਬ ਦੀ ਰਹਿਨੁਮਾਈ ਵਿੱਚ ਜ਼ਿਲ੍ਹਾ ਭਾਸ਼ਾ ਦਫਤਰ ਫਾਜ਼ਿਲਕਾ ਵੱਲੋਂ ਜ਼ਿਲ੍ਹਾ ਪੱਧਰੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਦਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ ਵਿਖੇ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਤੋਂ ਲੱਗਭੱਗ 250 ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰੋਗਰਾਮ ਦੌਰਾਨ ਪਹੁੰਚੇ ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੇਨੂ ਦੁੱਗਲ ਨੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਅਤੇ ਪੜ੍ਹਾਈ ਦੇ ਨਾਲ -ਨਾਲ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਪੰਜਾਬ ਰਾਜ ਭਾਸ਼ਾ ਐਕਟ ਅਨੁਸਾਰ ਘਰਾਂ ਅਤੇ ਦੁਕਾਨਾਂ ਦੇ ਬਾਹਰ ਬੋਰਡ ਪੰਜਾਬੀ ਵਿੱਚ ਲਗਵਾਉਣ ਲਈ ਤਾਕੀਦ ਕੀਤੀ।

ਉਨ੍ਹਾ ਵੱਲੋਂ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ ਅਤੇ ਜੇਤੂ ਵਿਦਿਆਰਥੀਆਂ ਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫਸਰ ਭੁਪਿੰਦਰ ਉਤਰੇਜਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਮੁਕਾਬਲਿਆਂ ਦੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ 1000, 750, 500 ਰੁਪਏ ਇਨਾਮ ਦੇ ਕੇ ਤੇ ਵਿਭਾਗੀ ਪ੍ਰਕਾਸ਼ਨਾਵਾਂ ਨਾਲ ਸਨਮਾਨਤ ਕੀਤਾ ਗਿਆ। ਮੁਕਾਬਲਿਆਂ 'ਚ ਕਵਿਤਾ ਰਚਨਾ ਮੁਕਾਬਲੇ ਵਿਚ ਕਿਰਨ ਬਾਲਾ ਨੇ ਪਹਿਲਾ, ਖੁਸ਼ਮਨ ਕੌਰ ਨੇ ਦੂਜਾ ਅਤੇ ਜਸ਼ਨਪੀਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਲੇਖ ਰਚਨਾ ਮੁਕਾਬਲੇ ਵਿਚ ਰਮਨਦੀਪ ਕੌਰ ਨੇ ਪਹਿਲਾ, ਸਿਮਰਨ ਰਾਣੀ ਨੇ ਦੂਜਾ ਅਤੇ ਸ਼ਗੁਨਦੀਪ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਕਹਾਣੀ ਰਚਨਾ ਮੁਕਾਬਲੇ ਵਿਚ ਅਨੀਤਾ ਨੇ ਪਹਿਲਾ, ਸਤਵੀਰ ਕੌ

13-August-PAGE-3.qxd 8/12/2023 10:50 PM Page 1



13-AUG-PAGE-4.qxd 8/12/2023 10:48 PM Page 1

ਪੇਂਡੂ ਮਜ਼ਦੂਰ ਯੂਨੀਅਨ ਨੇ ਘੇਰਿਆ ਥਾਣਾ ਕੋਟਭਾਈ

■ ਪੁਲਸ 'ਤੇ ਮ੍ਰਿਤਕ ਦੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਕਰਨ ਦਾ ਦੋਸ਼

ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)

ਵਿਧਾਨ ਸਭਾ ਹਲਕਾ ਗਿੱਦੜਬਾਹਾ ਅਧੀਨ ਪੈਂਦੇ ਥਾਣਾ ਕੋਟਭਾਈ ਵਿਖੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਥਾਣਾ ਕੋਟਭਾਈ ਘੇਰਿਆ ਗਿਆ ਤੇ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂ ਗੋਰਾ ਸਿੰਘ ਰੋੜੀਕਪੂਰਾ ਤੇ ਮਾਸਾ ਸਿੰਘ ਸਮਾਘ ਜ਼ਿਲ੍ਹਾ ਮੀਤ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਤੋਤਾ ਸਿੰਘ ਪੁੱਤਰ ਨਿਰਮਲ ਸਿੰਘ, ਨਿਰਮਲ ਸਿੰਘ ਪੁੱਤਰ ਨਛੱਤਰ ਸਿੰਘ, ਸੁਖਪ੍ਰੀਤ ਕੌਰ ਪਤਨੀ ਰੁਲਦੂ ਸਿੰਘ, ਲਵਪ੍ਰੀਤ ਸਿੰਘ ਪੁੱਤਰ ਰੁਲਦੂ ਸਿੰਘ ਤੇ ਕਰਮਜੀਤ ਕੌਰ ਪਤਨੀ ਨਿਰਮਲ ਸਿੰਘ ਹੁਰਾਂ ਦੀ ਮ੍ਰਿਤਕ ਜਸਪਾਲ ਸਿੰਘ ਉਰਫ ਪਾਲੀ ਪੁੱਤਰ ਮੰਦਰ ਸਿੰਘ ਵਾਸੀ ਰਾਮੇਆਣਾ ਨਾਲ ਕਿਸੇ ਕਿਸਮ ਦੀ ਰੰਜਿਸ਼ ਸੀ, ਜਿਸ ਕਰਕੇ ਇਹ ਸਾਰੇ ਮ੍ਰਿਤਕ ਜਸਪਾਲ ਸਿੰਘ ਉਰਫ ਪਾਲੀ ਪੁੱਤਰ ਮੰਦਰ ਸਿੰਘ ਵਾਸੀ ਰਾਮੇਆਣਾ ਨੂੰ ਅਕਸਰ ਹੀ ਡਰਾਉਂਦੇ ਧਮਕਾਉਂਦੇ ਰਹਿੰਦੇ ਸਨ ਅਤੇ ਇਨ੍ਹਾਂ ਦੀਆਂ ਧਮਕੀਆਂ ਤੋਂ ਡਰਦਾ ਹੀ ਜਸਪਾਲ ਸਿੰਘ ਉਰਫ ਪਾਲੀ ਪਿਛਲੇ ਕਈ ਦਿਨ ਪਹਿਲਾਂ ਸੁਸਾਇਡ ਕਰ ਗਿਆ ਸੀ, ਜਿਸ ਦਾ ਮਾਮਲਾ ਥਾਣਾ ਕੋਟਭਾਈ ਵਿਖੇ ਚੱਲ ਰਿਹਾ ਹੈ ਅਤੇ ਇਸ ਮਾਮਲੇ ਨੂੰ ਲਗਭਗ ਤਕਰੀਬਨ 20 ਕੁ ਦਿਨ ਹੋ ਗਏ ਹਨ, ਪਰ ਥਾਣਾ ਕੋਟਭਾਈ ਦੀ ਪੁਲਸ ਨੇ ਅਜੇ ਤੱਕ ਚੰਗੀ ਤਰ੍ਹਾਂ ਕੋਈ ਕਾਰਵਾਈ ਨਹੀਂ ਕੀਤੀ, ਜਿਸ ਕਰਕੇ ਯੂਨੀਅਨ ਵੱਲੋਂ 28 ਜੁਲਾਈ ਨੂੰ ਥਾਣਾ ਕੋਟਭਾਈ ਦਾ ਘੇਰਾਓ ਕੀਤਾ ਜਾਣਾ ਸੀ, ਪਰ ਐੱਸ.ਐੱਚ.ਓ. ਹਰਪ੍ਰੀਤ ਕੌਰ ਥਾਣਾ ਕੋਟਭਾਈ ਤੇ ਡੀ.ਐੱਸ.ਪੀ. ਜਸਵੀਰ ਸਿੰਘ ਗਿੱਦੜਬਹਾ ਨੇ ਭਰੋਸਾ ਦਿੱਤਾ ਸੀ ਕਿ 7 ਦਿਨਾਂ ਵਿੱਚ ਸਾਰੇ ਮੁਲਜ਼ਮ ਫੜੇ ਜਾਣਗੇ, ਪਰ ਅਜੇ ਤੱਕ ਇੱਕ ਮੁਲਜ਼ਮ ਕਰਮਜੀਤ ਕੌਰ ਪਤਨੀ ਨਿਰਮਲ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਯੂਨੀਅਨ ਦੀ ਮੰਗ ਹੈ ਕਿ ਸਾਰੇ ਦੋਸ਼ੀਆਂ 'ਤੇ ਬਣਦੀ ਕਾਰਵਾਈ ਕਰਕੇ ਜਲਦੀ ਗ੍ਰਿਫਤਾਰ ਕੀਤਾ ਜਾਵੇ, ਜਿਸ ਕਰਕੇ ਅੱਜ ਮਜਬੂਰਨ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਥਾਣਾ ਕੋਟਭਾਈ ਘੇਰਨਾ ਪਿਆ।

ਇਸ ਮਾਮਲੇ ਸਬੰਧੀ ਜਦੋਂ ਡੀ.ਐੱਸ.ਪੀ. ਜਸਵੀਰ ਸਿੰਘ ਗਿੱਦੜਬਹਾ ਨੂੰ ਪੁੱਛਿਆ ਗਿਆ ਤਾਂ ਉਨ੍ਹਾ ਕਿਹਾ ਕਿ ਇਹ ਆਦਮੀ ਰਾਮੇਆਣਾ ਦਾ ਵਸਨੀਕ ਸੀ ਤੇ ਇਸ ਨੇ ਥਾਣਾ ਕੋਟਭਾਈ ਦੀ ਹਦੂਦ 'ਚ ਸੁਸਾਇਡ ਕੀਤੀ ਹੈ, ਜਿਸ ਕਰਕੇ ਇਹ ਮਾਮਾਲਾ ਥਾਣਾ ਕੋਟਭਾਈ ਵਿਖੇ ਆਇਆ ਹੈ, ਇਨ੍ਹਾਂ ਵਿੱਚੋਂ ਕਰਮੀਤ ਕੌਰ ਪਤਨੀ ਨਿਰਮਲ ਸਿੰਘ ਗ੍ਰਿਫਤਾਰ ਹੈ ਤੇ ਬਾਕੀ ਮੁਲਜ਼ਮਾਂ ਦੀ ਭਾਲ ਜਾਰੀ ਹੈ ਅਤੇ ਜਲਦੀ ਹੀ ਸਾਰੇ ਮੁਲਜ਼ਮ ਗ੍ਰਿਫਤਾਰ ਕੀਤੇ ਜਾਣਗੇ ਅਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਸ ਮੌਕੇ ਸੁਰਜੀਤ ਸਿੰਘ, ਗੁਰਭੇਜ ਸਿੰਘ, ਸਰਬਜੀਤ ਸਿੰਘ, ਸਵਰਨ ਸਿੰਘ, ਰਾਮੇਆਣਾ, ਸਤਨਾਮ ਸਿੰਘ, ਕਪੂਰ ਸਿੰਘ, ਰਾਜਵੰਤ ਕੌਰ ਰੋੜੀਕਪੂਰਾ, ਮਨਪ੍ਰੀਤ ਕੌਰ, ਜਸਪਾਲ ਕੌਰ ਰਾਮੇਆਣਾ, ਸੁਰਜੀਤ ਕੌਰ, ਬਲਵੰਤ ਕੌਰ, ਗਿਆਨ ਕੌਰ ਰਾਮੇਆਣਾ ਆਦਿ ਹਾਜ਼ਰ ਸਨ।

ਸਾਇੰਸ ਵਿਸ਼ੇ ਦੇ ਚੁਣੇ 859 ਉਮੀਦਵਾਰਾਂ ਨੂੰ ਤੁਰੰਤ ਸਕੂਲਾਂ 'ਚ ਭੇਜਿਆ ਜਾਵੇ : ਜੀ ਟੀ ਯੂ

ਸਿੱਖਿਆ ਮੰਤਰੀ ਤੋਂ ਕੀਤੀ ਮੰਗ

ਕੋਟਕਪੂਰਾ (ਰਛਪਾਲ ਭੁੱਲਰ)-ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਪੰਜਾਬ ਦੇ ਸਰਕਾਰੀ ਸੀਨੀਅਰ ਸੈਕੰਡਰੀ, ਹਾਈ ਤੇ ਮਿਡਲ ਸਕੂਲਾਂ ਵਿੱਚ ਵੱਡੀ ਗਿਣਤੀ ਵਿੱਚ ਖਾਲੀ ਪਈਆਂ ਆਸਾਮੀਆਂ ਵਿੱਚੋਂ ਮਾਸਟਰ ਕਾਡਰ ਦੀਆਂ 4161 ਆਸਾਮੀਆਂ ਨੂੰ ਭਰਨ ਲਈ ਕਾਂਗਰਸ ਪਾਰਟੀ ਦੇ ਰਾਜਭਾਗ ਦੌਰਾਨ ਜਨਵਰੀ 2022 ਵਿੱਚ ਭਰਤੀ ਕਰਨ ਵਾਸਤੇ ਇਸ਼ਤਿਹਾਰ ਜਾਰੀ ਕੀਤਾ ਗਿਆ ਸੀ। ਇਸ ਇਸ਼ਤਿਹਾਰ ਵਿੱਚ ਸ਼ਾਮਲ ਸਾਇੰਸ ਵਿਸ਼ੇ ਤੋਂ ਬਿਨਾਂ ਬਾਕੀ ਸਾਰੇ ਵਰਗਾਂ ਦੇ ਅਧਿਆਪਕ ਸਾਰੀਆਂ ਲੋੜੀਂਦੀਆਂ ਪ੍ਰਕਰਿਆਵਾਂ ਨੂੰ ਪਾਰ ਕਰਦੇ ਹੋਏ ਆਪਣੇ ਆਪਣੇ ਸਕੂਲਾਂ ਵਿੱਚ ਹਾਜ਼ਰ ਹੋ ਚੁੱਕੇ ਹਨ, ਪਰ ਸਾਇੰਸ ਵਿਸ਼ੇ ਦੀਆਂ ਖਾਲੀ ਪਈਆਂ ਅਸਾਮੀਆਂ ਲਈ ਨਿਯੁਕਤ ਹੋਏ 859 ਉਮੀਦਵਾਰ ਭਗਵੰਤ ਮਾਨ ਸਰਕਾਰ ਦੇ 18 ਮਹੀਨੇ ਦਾ ਕਾਰਜਭਾਰ ਪੂਰਾ ਹੋ ਜਾਣ ਦੇ ਬਾਵਜੂਦ ਅਜੇ ਵੀ ਆਪਣੀ ਸਟੇਸ਼ਨ ਚੋਣ ਹੋਣ ਦਾ ਇੰਤਜ਼ਾਰ ਕਰ ਰਹੇ ਹਨ ਤੇ ਦਿਨੋਂ ਦਿਨ ਮਾਨਸਿਕ ਪੀੜਾ ਵਿੱਚੋਂ ਦੀ ਲੰਘ ਰਹੇ ਹਨ। ਇਨ੍ਹਾਂ ਵਿੱਚੋਂ ਕਈ ਅਧਿਆਪਕ ਅਜਿਹੇ ਹਨ, ਜਿਨ੍ਹਾਂ ਨੇ ਇਸ ਭਰਤੀ ਦੀ ਆਸ ਵਿੱਚ ਪਹਿਲਾਂ ਕੰਮ ਕਰਦੇ ਆਪਣੇ ਆਪਣੇ ਪ੍ਰਾਈਵੇਟ ਸਕੂਲਾਂ ਨੂੰ ਅਲਵਿਦਾ ਆਖ ਦਿੱਤਾ ਸੀ। ਪੈਦਾ ਹੋਏ ਇਸ ਮਸਲੇ ਸਬੰਧੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਗੁਰਪ੍ਰੀਤ ਮਾੜੀਮੇਘਾ, ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ, ਸੂਬਾ ਸਲਾਹਕਾਰ ਪ੍ਰੇਮ ਚਾਵਲਾ ਤੇ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸਰਿੰਦਰ ਪਾਲ ਸਿੰਘ ਢਿੱਲੋਂ ਨੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੇ ਸਿੱਖਿਆ ਵਿਭਾਗ ਪੰਜਾਬ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸਾਇੰਸ ਵਿਸ਼ੇ ਦੇ ਚੁਣੇ ਗਏ 859 ਉਮੀਦਵਾਰਾਂ ਨੂੰ ਤੁਰੰਤ ਸਟੇਸ਼ਨ ਚੋਣ ਕਰਵਾ ਕੇ ਸਕੂਲਾਂ ਵਿੱਚ ਭੇਜਿਆ ਜਾਵੇ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਹੋ ਰਹੇ ਨੁਕਸਾਨ ਦੀ ਪੂਰਤੀ ਹੋ ਸਕੇ।

ਆਂਗਣਵਾੜੀ ਵਰਕਰਾਂ/ਹੈਲਪਰਾਂ ਨੇ ਫੂਕਿਆ ਸਰਕਾਰ ਦਾ ਪੁਤਲਾ

ਮੋਗਾ (ਅਮਰਜੀਤ ਬੱਬਰੀ)

ਆਲ ਇੰਡੀਆ ਆਂਗਣਵਾੜੀ ਵਰਕਰ/ਹੈਲਪਰ ਯੂਨੀਅਨ ਵੱਲੋਂ ਸੂਬਾ ਕਮੇਟੀ ਦੇ ਲਏ ਗਏ ਫੈਸਲੇ ਅਨੁਸਾਰ ਸਰਕਲ ਕੋਕਰੀ ਕਲਾਂ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਵਰਕਰਾਂ ਨੇ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਵੋਟਾਂ ਤੋਂ ਪਹਿਲਾਂ ਇਹ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਆਉਣ 'ਤੇ ਮਾਣ ਭੱਤਾ ਦੁੱਗਣਾ ਕੀਤਾ ਜਾਵੇਗਾ, ਪਰ ਇਸ ਦੇ ਉਲਟ ਸੈਂਟਰ ਸਰਕਾਰ ਤੋਂ ਆਉਣ ਵਾਲਾ ਮਾਣ ਭੱਤਾ ਮਾਰਚ ਤੋਂ ਲੈ ਕੇ ਅੱਜ ਤੱਕ ਨਹੀਂ ਦਿੱਤਾ ਗਿਆ। ਆਗੂਆਂ ਨੇ ਦੱਸਿਆ ਕਿ ਸਰਕਲ ਪੱਧਰੀ ਪੁਤਲੇ ਫੂਕਣ ਤੋਂ ਬਾਅਦ ਜ਼ਿਲ੍ਹਾ ਪੱਧਰੀ ਸਰਕਾਰ ਦੇ ਪੁਤਲੇ ਫੂਕੇ ਜਾਣਗੇ। ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਆਂਗਨਵਾੜੀ ਵਰਕਰਾਂ ਦਾ ਮਾਣ-ਭੱਤਾ ਦੁੱਗਣਾ ਕਰਨ ਦੀ ਮੰਗ ਪੂਰੀ ਕਰੇ, ਮਾਣ-ਭੱਤਾ ਹਰ ਮਹੀਨੇ ਦੀ 7 ਤਰੀਕ ਦੇਣਾ ਯਕੀਨੀ ਕੀਤਾ ਜਾਵੇ। ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲਾਰੇ ਲੱਪੇ ਵਾਲੀ ਸਰਕਾਰ ਸਾਬਿਤ ਹੋਈ, ਕਿਉਂਕਿ ਉਸ ਨੇ ਅਜੇ ਤੱਕ ਛੇ ਤੋਂ ਅੱਠ ਸਾਲ ਦੇ ਬੱਚੇ ਵਾਪਸ ਨਹੀਂ ਭੇਜੇ ਤੇ ਨਾ ਹੀ ਆਂਗਣਵਾੜੀ ਵਰਕਰਾਂ ਨੂੰ ਪ੍ਰੀ-ਪ੍ਰਾਇਮ ਟੀਚਰ ਦਾ ਦਰਜਾ ਦਿੱਤਾ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰ/ਹੈਲਪਰ, ਜਿਨ੍ਹਾਂ ਵਿੱਚ ਗੁਰਪ੍ਰੀਤ ਕੌਰ ਬਲਰੂਪ ਕੌਰ, ਸਿੰਦਰ ਪਾਲ ਕੌਰ, ਗੁਰਵਿੰਦਰ ਕੌਰ, ਹਰਵਿੰਦਰ ਕੌਰ ਆਦਿ ਹਾਜ਼ਰ ਸਨ।

ਕਤਲ ਕੇਸ 'ਚ ਨਾਮਜ਼ਦ ਚਾਰ ਵਿਅਕਤੀ ਬਰੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਕਤਲ ਤੇ ਅਗਵਾ ਦੇ ਇੱਕ ਮੁਕੱਦਮੇ 'ਚ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ ਚਾਰ ਵਿਅਕਤੀਆਂ ਨੂੰ ਫ਼ਤਹਿਗੜ੍ਹ ਸਾਹਿਬ ਦੀ ਇੱਕ ਅਦਾਲਤ ਵੱਲੋਂ ਬਰੀ ਕਰ ਦਿੱਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 14 ਅਗਸਤ 21 ਨੂੰ ਆਪਣੇ ਦੋਸਤਾਂ ਨੂੰ ਮਿਲਣ ਗਿਆ ਮਨਜੀਤ ਸਿੰਘ ਵਾਸੀ ਪਿੰਡ ਲਾਡਪੁਰ ਲਾਪਤਾ ਹੋ ਗਿਆ ਸੀ, ਜਿਸ ਦੇ ਪਿਤਾ ਬਲਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਮੰਡੀ ਗੋਬਿੰਦਗੜ੍ਹ ਪੁਲਸ ਨੇ ਪ੍ਰਿੰਸ ਉਰਫ ਜੋਗਾ, ਅਮਨਦੀਪ ਸਿੰਘ ਵਾਸੀਆਨ ਮੁੱਲਾ ਸੰਗਤਪੁਰਾ ਮੰਡੀ ਗੋਬਿੰਦਗੜ੍ਹ, ਹਰਪ੍ਰੀਤ ਸਿੰਘ ਉਰਫ ਅਮਨ ਤੇ ਗਗਨਪ੍ਰਦੀਪ ਸਿੰਘ ਉਰਫ ਨਿੱਕੂ ਵਾਸੀਆਨ ਪਿੰਡ ਪੰਜੋਲੀ ਵਿਰੁੱਧ ਮੁਕੱਦਮਾ ਦਰਜ ਕੀਤਾ ਸੀ। ਉਕਤ ਮੁਕੱਦਮੇ ਦੀ ਅਦਾਲਤੀ ਸੁਣਵਾਈ ਦੌਰਾਨ ਪ੍ਰਾਸੀਕਿਊਸ਼ਨ ਵੱਲੋਂ ਮਾਮਲੇ 'ਚ ਪੇਸ਼ ਕੀਤੇ ਗਏ ਸਬੂਤਾਂ ਨੂੰ ਨਾਕਾਫੀ ਸਮਝਦਿਆਂ ਅਦਾਲਤ ਨੇ ਹਰਪ੍ਰੀਤ ਸਿੰਘ, ਗਗਨਪ੍ਰਦੀਪ ਸਿੰਘ, ਅਮਨਦੀਪ ਸਿੰਘ ਤੇ ਪ੍ਰਿੰਸ ਸਿੰਘ ਨੂੰ ਮਾਮਲੇ 'ਚ ਸ਼ੱਕ ਦਾ ਲਾਭ ਦਿੰਦੇ ਹੋਏ ਬਰੀ ਕਰਨ ਦਾ ਹੁਕਮ ਸੁਣਾਇਆ।

ਕਾਤਰਾਂ

ਸਬ ਸੈਂਟਰ ਸੀਹਾਂਪਾੜੀ ਵੱਲੋਂ ਡਰਾਈ ਡੇ ਮਨਾਇਆ

ਮੱਖੂ (ਰਛਪਾਲ ਸਿੰਘ ਸੰਧੂ)-ਸਬ ਸੈਂਟਰ ਸੀਹਾਂਪਾੜੀ ਵੱਲੋਂ ਸਕੂਲਾਂ 'ਚ ਸ਼ੁੱਕਰਵਾਰ ਨੂੰ ਡਰਾਈ ਡੇ ਮਨਾਉਂਦੇ ਹੋਏ ਸਕੂਲਾਂ ਵਿੱਚ ਬੱਚਿਆਂ ਨੂੰ ਡੇਂਗੂ ਤੋਂ ਹੋਣ ਵਾਲੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਉਂਦਿਆਂ ਵਿਦਿਆਰਥੀਆਂ ਨੂੰ ਦੱਸਿਆ ਕਿ ਡੇਂਗੂ ਮੱਛਰ ਘਰਾਂ ਦੀਆਂ ਛੱਤਾਂ 'ਤੇ ਪਏ ਖਾਲੀ ਬਰਤਨਾਂ, ਫਰਿੱਜ ਦੀਆਂ ਟਰੇਆਂ ਤੇ ਸਾਫ ਪਾਣੀ ਵਿੱਚ ਆਂਡੇ ਦਿੰਦਾ। ਡੇਂਗੂ ਬੁਖਾਰ ਤੋਂ ਬਚਾਅ ਲਈ ਸਰਕਾਰ ਵੱਲੋਂ ਹਰ ਸ਼ੁੱਕਰਵਾਰ ਨੂੰ ਡਰਾਈ ਡੇ ਵਜੋਂ ਮਨਾਇਆ ਜਾਂਦਾ ਹੈ ਤਾਂ ਜੋ ਇਸ ਦਿਨ ਆਪਣੇ ਘਰਾਂ ਦੀ ਸਾਫ ਸਫਾਈ ਕਰਕੇ ਇਸ ਬੀਮਾਰੀ ਤੋਂ ਬਚਿਆ ਜਾ ਸਕੇ। ਇਸ ਮੌਕੇ ਰੋਹਿਤ ਢੀਂਗਰਾ ਮੇਲ ਵਰਕਰ, ਰਿਧਿਕਾ ਫੀ ਮੇਲ ਵਰਕਰ, ਸਿਮਰਨ ਕੌਰ ਸੀ ਐੱਚ ਓ, ਕਸ਼ਮੀਰ ਸਿੰਘ ਐੱਸ ਆਈ, ਸਕੂਲਾਂ ਦੇ ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

ਸੰਤ ਲੌਂਗੋਵਾਲ ਦੀ ਬਰਸੀ ਮਨਾਉਣ ਸੰਬੰਧੀ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੇ ਕੀਤੀ ਮੀਟਿੰਗ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੱਲੋਂ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸਲਾਨਾ ਬਰਸੀ 20 ਅਗਸਤ ਨੂੰ ਮਨਾਉਣ ਸੰਬੰਧੀ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਹੇਠ ਯਾਦਗਾਰ ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਵਿਖੇ ਭਰਵੀਂ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਚੇਅਰਮੈਨ ਜੀਤ ਸਿੰਘ ਸਿੱਧੂ ਲੌਂਗੋਵਾਲ, ਨੌਜਵਾਨ ਆਗੂ ਰੁਪਿੰਦਰ ਸਿੰਘ ਨੰਬਰਦਾਰ ਲੌਂਗੋਵਾਲ ਨੇ ਕਿਹਾ ਕਿ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਇੱਕ ਅਮਨ-ਸ਼ਾਂਤੀ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਉਨ੍ਹਾਂ ਕਿਹਾ ਕਿ ਇਸ ਵਾਰ ਸੰਤ ਲੌਂਗੋਵਾਲ ਦਾ ਬਰਸੀ ਸਮਾਗਮ ਯਾਦਗਾਰ ਗੁਰਦੁਆਰਾ ਸ਼ਹੀਦ ਭਾਈ ਮਨੀ ਸਿੰਘ ਪੱਤੀ ਰੰਧਾਵਾ ਦੇ ਦੀਵਾਨ ਹਾਲ ਵਿਖੇ ਕਰਵਾਇਆ ਜਾਵੇਗਾ ਜਿਸ ਦੌਰਾਨ ਪਾਰਟੀ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਭਾਜਪਾ ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਸਮੇਤ ਹੋਰ ਆਗੂ ਪਹੁੰਚ ਰਹੇ ਹਨ। ਉਨ੍ਹਾਂ ਸੰਤ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸਮੂਹ ਇਲਾਕਾ ਵਾਸੀਆਂ ਨੂੰ ਬਰਸੀ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਅਪੀਲ ਕੀਤੀ।

ਸਰਕਾਰੀ ਹਾਈ ਸਕੂਲ ਸ਼ੇਰ ਖਾਂ 'ਚ ਡੇਂਗੂ ਜਾਗਰੂਕਤਾ ਕੈਂਪ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਿਵਲ ਸਰਜਨ ਡਾ. ਰਜਿੰਦਰਪਾਲ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਜਸਲੀਨ ਗਿੱਲ ਸੀ ਐੱਚ ਸੀ ਫਿਰੋਜ਼ਸ਼ਾਹ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਯੁਵਰਾਜ ਨਾਰੰਗ ਤੇ ਡਾ. ਸ਼ਮਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਤੇ ਸਰਕਾਰ ਦੁਆਰਾ ਚਲਾਈ ਮੁਹਿੰਮ ਤਹਿਤ ਸਬ ਸੈਂਟਰ ਸ਼ੇਰ ਖਾਂ ਅਧੀਨ ਆਉਂਦੇ ਸਰਕਾਰੀ ਹਾਈ ਸਕੂਲ ਪਿੰਡ ਸ਼ੇਰ ਖਾਂ ਵਿਖੇ ਡੇਂਗੂ ਸੰਬੰਧੀ ਜਾਣਕਾਰੀ ਦਿੱਤੀ। ਰਮਨਦੀਪ ਸਿੰਘ ਸੰਧੂ ਸਿਹਤ ਵਿਭਾਗ ਤੇ ਲਖਵਿੰਦਰ ਸਿੰਘ ਹੌਲਖ ਇੰਸਪੈਕਟਰ ਦੱਸਿਆ ਕਿ ਡੇਂਗੂ ਅਤੇ ਚਿਕਨਗੁਨੀਆ ਬੁਖਾਰ ਏਡੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਸ ਦੇ ਲੱਛਣਾਂ ਬਾਰੇ ਜਾਣਕਾਰੀ ਦਿੱਤੀ ਗਈ ਜਿਵੇਂ ਕਿ ਤੇਜ਼ ਬੁਖ਼ਾਰ, ਸਿਰਦਰਦ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਦੇ ਦਾਣੇ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਸੂੜਿਆਂ ਅਤੇ ਨੱਕ ਵਿੱਚੋਂ ਖੂਨ ਦਾ ਵਗਣਾ, ਜੋੜਾਂ ਵਿੱਚ ਦਰਦ ਅਤੇ ਸੋਜ, ਚਮੜੀ ਦੇ ਦਾਣੇ ਅਤੇ ਖਾਰਿਸ਼। ਡੇਂਗੂ ਅਤੇ ਚਿਕਨਗੁਨੀਆ ਬੁਖਾਰ ਤੋਂ ਬਚਾਅ ਲਈ ਆਪਣੇ ਘਰਾਂ ਵਿਚ ਕੂਲਰਾਂ, ਫਰਿੱਜਾਂ ਅਤੇ ਗਮਲਿਆਂ ਦੀਆਂ ਟਰੇਆਂ ਵਿਚ ਖੜ੍ਹੇ ਪਾਣੀ ਨੂੰ ਹਫਤੇ ਵਿੱਚ ਇਕ ਵਾਰ ਜ਼ਰੂਰ ਸਾਫ ਕਰਨਾ ਚਾਹੀਦਾ ਹੈ। ਟੁੱਟੇ ਬਰਤਨਾਂ, ਡਰੰਮਾਂ ਅਤੇ ਟਾਇਰਾਂ ਆਦਿ ਨੂੰ ਖੁੱਲ੍ਹੇ ਵਿੱਚ ਨਾ ਰੱਖੋ।

ਮੱਛੀ ਫੜਨ ਵਾਲੇ ਡਰੇਨਾਂ ਦੀ ਬੋਲੀ 16 ਤੇ 17 ਨੂੰ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਸ੍ਰੀ ਅਲੋਕ ਚੌਧਰੀ ਕਾਰਜਕਾਰੀ ਇੰਜੀਨੀਅਰ/ਫਾਜ਼ਿਲਕਾ, ਡਰੇਨੇਜ-ਕਮ-ਮਾਈਨਿੰਗ ਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ ਪੰਜਾਬ ਨੇ ਦੱਸਿਆ ਕਿ ਇਸ ਮੰਡਲ ਅਧੀਨ ਪੈਂਦੀਆਂ ਡਰੇਨਾਂ ਦੀ ਮੱਛੀ ਦੀ ਬੋਲੀ ਕਰਵਾਈ

13-AUG-PAGE-5.qxd 8/12/2023 10:48 PM Page 1

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦਾ ਸ਼ਾਨਾਮੱਤਾ ਇਤਿਹਾਸ : ਡਾ. ਇੰਦਰਵੀਰ ਗਿੱਲ/ਕਰਮਵੀਰ ਬੱਧਨੀ

ਹਰ ਵਿਦਿਆਰਥੀ ਇਸ ਦਾ ਮੈਂਬਰ ਬਣ ਕੇ ਫਖਰ ਮਹਿਸੂਸ ਕਰਦੈ

ਮੋਗਾ (ਅਮਰਜੀਤ ਬੱਬਰੀ)-ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਆਜ਼ਾਦੀ ਤੋਂ ਪਹਿਲਾਂ ਦੀ ਸਭ ਤੋਂ ਪੁਰਾਣੀ ਵਿਦਿਆਰਥੀ ਜਥੇਬੰਦੀ ਹੈ, ਜਿਸ ਨੇ ਵਿਦਿਆਰਥੀ ਹਿੱਤਾਂ ਦੀ ਲੜਾਈ ਲੜਦਿਆਂ ਆਜ਼ਾਦੀ ਦੇ ਘੋਲ ਵਿੱਚ ਵੀ ਆਪਣਾ ਯੋਗਦਾਨ ਪਾਇਆ ਹੈ। ਦੇਸ਼ ਵਿਆਪੀ ਇਸ ਜਥੇਬੰਦੀ ਦੇ ਕਾਰਕੁਨਾਂ ਨੇ ਸਰਕਾਰਾਂ ਵੱਲੋਂ ਲਿਆਂਦੀਆਂ ਵਿੱਦਿਆ ਵਿਰੋਧੀ ਨੀਤੀਆਂ ਖਿਲਾਫ ਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਚੱਲੀ ਹਰ ਤਰ੍ਹਾਂ ਦੀ ਲੜਾਈ ਵਿੱਚ ਆਪਣਾ ਹਿੱਸਾ ਪਾਇਆ ਹੈ। ਇਸ ਜਥੇਬੰਦੀ ਦਾ 88 ਸਾਲਾਂ ਦਾ ਇਤਿਹਾਸ ਲਗਾਤਾਰ ਪ੍ਰਾਪਤੀਆਂ ਦਾ ਸ਼ਾਨਾਮੱਤਾ ਇਤਿਹਾਸ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਥੇਬੰਦੀ ਦੇ ਸੂਬਾਈ ਹੈੱਡ ਕੁਆਟਰ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਜ਼ਿਲ੍ਹਾ ਵਿਦਿਆਰਥੀ ਆਗੂ ਸਵਰਾਜ ਖੋਸਾ ਦੀ ਅਗਵਾਈ 'ਚ ਕੀਤੇ ਸਮਾਗਮ ਸਮੇਂ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਦਿਆਂ ਸਾਬਕਾ ਸੂਬਾਈ ਵਿਦਿਆਰਥੀ ਆਗੂ ਡਾ. ਇੰਦਰਵੀਰ ਗਿੱਲ ਨੇ ਕੀਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਦੇਸ਼ ਦੀਆਂ ਕਾਰਪੋਰੇਟ ਪੱਖੀ ਸਰਕਾਰਾਂ ਦੀ ਇਹ ਨੀਤੀ ਹੈ ਤੇ ਉਹ ਹਰ ਤਰੀਕਾ ਵਰਤ ਕੇ ਵਿਦਿਆਰਥੀਆਂ ਤੋਂ ਵਿੱਦਿਆ ਦਾ ਹੱਕ ਖੋਹ ਰਹੀਆਂ ਹਨ। ਸਾਰੇ ਦਾ ਸਾਰਾ ਵਿੱਦਿਅਕ ਢਾਂਚਾ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਆਮ ਲੋਕਾਂ ਤੋਂ ਵਿੱਦਿਆ ਦਾ ਹੱਕ ਦੂਰ ਕੀਤਾ ਜਾ ਰਿਹਾ ਹੈ, ਜਿਸ ਸਦਕਾ ਕਰੋੜਾਂ ਦੀ ਗਿਣਤੀ 'ਚ ਵਿਦਿਆਰਥੀ ਸਕੂਲ/ਕਾਲਜ ਛੱਡ, ਘਰ 'ਚ ਬੈਠਣ ਲਈ ਮਜਬੂਰ ਹਨ। ਰਾਸ਼ਟਰੀ ਸਿੱਖਿਆ ਨੀਤੀ ਦੇ ਨਾਂ 'ਤੇ ਸਿੱਖਿਆ ਵਿਰੋਧੀ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਪੰਜਾਬ ਦੀਆਂ ਯੂਨੀਵਰਸਿਟੀਆਂ/ਕਾਲਜਾਂ ਨੂੰ ਪ੍ਰਾਈਵੇਟ ਹੱਥਾਂ 'ਚ ਦੇ, ਸਿੱਖਿਆ ਦੇ ਹੱਕ ਨੂੰ ਕੁਝ ਹੱਥਾਂ ਤੱਕ ਸੀਮਤ ਕੀਤਾ ਜਾ ਰਿਹਾ ਹੈ, ਜਿਸ ਦੇ ਖਿਲਾਫ ਜਥੇਬੰਦੀ ਹਮੇਸ਼ਾ ਲੜਦੀ ਰਹੀ ਹੈ ਤੇ ਅੱਗੇ ਵੀ ਇਸ ਵਿਦਿਆਰਥੀਆਂ ਵਿਰੋਧੀ ਕੋਝੀਆਂ ਮਨਸ਼ਾਵਾਂ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। 88 ਸਾਲਾਂ ਦਾ ਇਤਿਹਾਸ ਦੱਸਦਾ ਹੈ ਕਿ ਵਿਦਿਆਰਥੀ ਹਿੱਤਾਂ ਦੀ ਲੜਾਈ ਲੜਦਿਆਂ ਜਥੇਬੰਦੀ ਨੇ ਹਮੇਸ਼ਾ ਵਿਦਿਆਰਥੀ ਹਿੱਤਾਂ ਦੀ ਰਾਖੀ ਕੀਤੀ ਹੈ ਤੇ ਅੱਗੇ ਵੀ ਕਰਦੀ ਰਹੇਗੀ। ਇਸ ਸਮੇਂ ਜਥੇਬੰਦੀ ਦੀ ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਬੱਧਨੀ ਨੇ ਕਿਹਾ ਕਿ ਅਸੀਂ ਅੱਜ ਦੇ ਦਿਨ ਪ੍ਰਣ ਕਰਦੇ ਹਾਂ ਕਿ ਜਿੱਥੇ ਅਸੀਂ ਭਵਿੱਖ ਦੀ ਰਾਖੀ ਲਈ ਮੈਦਾਨ 'ਚ ਰਹਾਂਗੇ, ਉਥੇ ਨਾਲ ਹੀ ਲਗਾਤਾਰ ਗੰਧਲੇ ਹੋ ਰਹੇ ਵਾਤਾਵਰਣ ਤੇ ਧਰਤੀ ਹੇਠਲੇ ਡਿੱਗਦੇ ਪਾਣੀ ਦੇ ਪੱਧਰ ਦੀ ਸੰਭਾਲ ਲਈ ਜਥੇਬੰਦੀ ਹਮੇਸ਼ਾ ਕੰਮ ਕਰਦੀ ਆ ਰਹੀ ਹੈ। ਇਸ ਸਮੇਂ ਸਾਬਕਾ ਨੌਜਵਾਨ ਆਗੂ ਜਗਸੀਰ ਖੋਸਾ, ਵਿਦਿਆਰਥੀ ਸੂਬਾਈ ਆਗੂ ਅਵਤਾਰ ਚੜਿੱਕ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਵਿਦਿਆਰਥੀ ਆਗੂ ਹਰਜੀਤ ਮਹੇਸਰੀ, ਨਵਕਿਰਨ ਬੱਧਨੀ, ਲਵਪ੍ਰੀਤ ਕੌਰ, ਗੁਰਵਿੰਦਰ ਗੋਰਾ, ਅਨਮੋਲ ਮੋਗਾ, ਵੀਰਪਾਲ ਕੌਰ, ਸੁਖਦੀਪ ਖੋਟੇ, ਬਾਜ ਸਿੰਘ ਆਦਿ ਵਿਦਿਆਰਥੀ ਹਾਜ਼ਰ ਸਨ।

ਭਤੀਜਿਆਂ ਵੱਲੋਂ ਕੀਤੀ ਬੇਇੱਜ਼ਤੀ ਤੋਂ ਤੰਗ ਆ ਕੇ ਲਿਆ ਫਾਹਾ

ਸੁਸਾਈਡ ਨੋਟ ਦੇ ਆਧਾਰ 'ਤੇ ਪਤੀ-ਪਤਨੀ ਸਮੇਤ ਚਾਰ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਗਵਾਂਢ 'ਚ ਰਹਿੰਦੇ ਭਤੀਜਿਆਂ ਤੇ ਭਤੀਜ ਨੂੰਹ ਵੱਲੋਂ ਵਾਰ-ਵਾਰ ਤੰਗ ਪ੍ਰੇਸ਼ਾਨ ਕੀਤੇ ਜਾਣ ਅਤੇ ਬੇਇੱਜ਼ਤ ਕੀਤੇ ਜਾਣ ਤੋਂ ਤੰਗ ਆ ਕੇ ਪਿੰਡ ਬੀਰੋਮਾਜਰੀ ਦੇ ਰਾਜੇਸ਼ ਕੁਮਾਰ (57) ਨਾਮਕ ਵਿਅਕਤੀ ਵੱਲੋਂ ਫਾਹਾ ਲੈ ਕੇ ਆਤਮਹੱਤਿਆ ਕਰ ਲੈਣ ਦਾ ਸਮਾਚਾਰ ਹੈ। ਮ੍ਰਿਤਕ ਦੇ ਪੁੱਤਰ ਰਿਤੇਸ਼ ਕੁਮਾਰ ਵਾਸੀ ਪਿੰਡ ਬੀਰੋਮਾਜਰੀ ਨੇ ਦੱਸਿਆ ਕਿ ਉਸ ਦੇ ਪਿਤਾ ਰਾਜੇਸ਼ ਕੁਮਾਰ ਪਿੰਡ 'ਚ ਹੀ ਸ਼ਟਰਿੰਗ ਦੀ ਦੁਕਾਨ ਕਰਦੇ ਸਨ ਤੇ ਪਿੰਡ 'ਚ ਉਨ੍ਹਾਂ ਦੇ ਗਵਾਂਢ 'ਚ ਹੀ ਉਸਦੇ ਤਾਏ ਦਾ ਪਰਿਵਾਰ ਰਹਿੰਦਾ ਹੈ, ਜਿਨ੍ਹਾਂ 'ਚੋਂ ਤਾਏ ਦੇ ਲੜਕੇ ਮੌਂਟੀ ਬਾਵਾ, ਦੀਪਕ ਬਾਵਾ, ਗੋਲਡੀ ਬਾਵਾ ਤੇ ਗੋਲਡੀ ਬਾਵਾ ਦੀ ਪਤਨੀ ਰਣਜੀਤ ਕੌਰ ਉਰਫ ਰੇਨੂੰ ਵੱਲੋਂ ਲੰਮੇ ਸਮੇਂ ਤੋਂ ਆਨੇ ਬਹਾਨੇ ਉਨ੍ਹਾਂ ਦੇ ਪਰਿਵਾਰ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ ਤੇ ਬੀਤੇ ਬੁੱਧਵਾਰ ਵੀ ਉਕਤ ਵਿਅਕਤੀਆਂ ਵੱਲੋਂ ਉਨ੍ਹਾਂ ਨੂੰ ਗਾਲਾਂ ਕੱਢੀਆਂ ਗਈਆਂ, ਜਿਸ ਦੇ ਸਬੰਧ 'ਚ ਉਨ੍ਹਾਂ ਵੱਲੋਂ ਪੁਲਸ ਨੂੰ ਕੀਤੀ ਗਈ ਸ਼ਿਕਾਇਤ ਨੂੰ ਲੈ ਕੇ ਦੋਵਾਂ ਧਿਰਾਂ ਨੂੰ ਚੁੰਨੀ ਕਲਾਂ ਚੌਕੀ ਵਿਖੇ ਬੁਲਾਇਆ ਗਿਆ ਸੀ, ਜਿੱਥੇ ਪਿੰਡ ਦੇ ਮੋਹਤਵਰ ਵਿਅਕਤੀਆਂ ਦੀ ਹਾਜ਼ਰੀ 'ਚ ਉਪਰੋਕਤ ਵਿਅਕਤੀਆਂ ਵੱਲੋਂ ਉਸ ਦੇ ਪਿਤਾ ਰਾਜੇਸ਼ ਕੁਮਾਰ ਨੂੰ ਗਾਲਾਂ ਕੱਢ ਕੇ ਬਹੁਤ ਬੇਇੱਜ਼ਤ ਕੀਤਾ ਗਿਆ, ਜਿਸ ਤੋਂ ਬਾਅਦ ਉਸ ਦੇ ਪਿਤਾ ਬਹੁਤ ਜ਼ਿਆਦਾ ਪ੍ਰੇਸ਼ਾਨ ਹੋ ਗਏ ਤੇ ਬੀਤੇ ਕੱਲ੍ਹ ਯਾਨੀ ਅਗਲੀ ਸਵੇਰ ਵੀ ਜਦੋਂ ਉਕਤ ਵਿਅਕਤੀਆਂ ਨੇ ਫਿਰ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਤਾਂ ਬੇਇੱਜ਼ਤੀ ਨਾ ਸਹਾਰਦੇ ਹੋਏ ਉਸ ਦੇ ਪਿਤਾ ਨੇ ਘਰ ਦੇ ਇੱਕ ਕਮਰੇ 'ਚ ਕੇਬਲ ਵਾਲੀ ਤਾਰ ਨਾਲ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਰਿਤੇਸ਼ ਕੁਮਾਰ ਨੇ ਦੱਸਿਆ ਕਿ ਮਰਨ ਤੋਂ ਪਹਿਲਾਂ ਉਸ ਦੇ ਪਿਤਾ ਨੇ ਸੁਸਾਈਡ ਨੋਟ ਲਿਖ ਕੇ ਅਤੇ ਫੇਸਬੁੱਕ 'ਤੇ ਵੀਡੀਓ ਪੋਸਟ ਕਰਕੇ ਦੱਸਿਆ ਕਿ ਉਪਰੋਕਤ ਵਿਅਕਤੀਆਂ ਤੋਂ ਤੰਗ ਆ ਕੇ ਉਹ ਆਤਮਹੱਤਿਆ ਕਰਨ ਲਈ ਮਜ਼ਬੂਰ ਹੋ ਰਿਹਾ ਹੈ। ਮਾਮਲੇ ਦੀ ਤਫਤੀਸ਼ ਕਰ ਰਹੇ ਚੁੰਨੀ ਕਲਾਂ ਚੌਕੀ ਦੇ ਇੰਚਾਰਜ ਥਾਣੇਦਾਰ ਕਸ਼ਮੀਰੀ ਲਾਲ ਨੇ ਦੱਸਿਆ ਕਿ ਰਾਜੇਸ਼ ਕੁਮਾਰ ਦੀ ਮੌਤ ਸਬੰਧੀ ਮੌਂਟੀ ਬਾਵਾ, ਦੀਪਕ ਬਾਵਾ, ਗੋਲਡੀ ਬਾਵਾ ਤੇ ਰਣਜੀਤ ਕੌਰ ਉਰਫ ਰੇਨੂੰ ਵਿਰੁੱਧ ਥਾਣਾ ਬਡਾਲੀ ਆਲਾ ਸਿੰਘ ਵਿਖੇ ਮੁਕੱਦਮਾ ਦਰਜ ਕਰਕੇ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ ਤੇ ਪੋਸਟਮਾਰਟਮ ਕਰਵਾਉਣ ਉਪਰੰਤ ਮ੍ਰਿਤਕ ਦੀ ਲਾਸ਼ ਨੂੰ ਵਾਰਿਸਾਂ ਹਵਾਲੇ ਕਰ ਦਿੱਤਾ ਜਾਵੇਗਾ।

ਸ਼ਹਿਰ ਦੇ ਵਿਕਾਸ ਲਈ ਗ੍ਰਾਂਟਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ : ਬੜਿੰਗ

2.40 ਕਰੋੜ ਦੀ ਲਾਗਤ ਨਾਲ ਵੱਖ-ਵੱਖ ਵਿਕਾਸ ਦੇ ਕੰਮ ਕਰਵਾਏ ਸ਼ੁਰੂ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ) ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਵੱਲੋਂ ਅਮਲੋਹ ਸ਼ਹਿਰ ਦੇ ਵੱਖ ਵੱਖ ਵਾਰਡਾਂ 'ਚ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਸ਼ਹਿਰ ਨਿਵਾਸੀਆਂ ਨੇ ਵਿਧਾਇਕ ਗੈਰੀ ਬੜਿੰਗ ਦਾ ਜਿੱਥੇ ਵਿਸ਼ੇਸ਼ ਧੰਨਵਾਦ ਕੀਤਾ, ਉਥੇ ਸ਼ਹਿਰ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਅੱਜ 2.40 ਕਰੋੜ ਦੀ ਲਾਗਤ ਨਾਲ ਵਿਕਾਸ ਦੇ ਕੰਮ ਸ਼ੁਰੂ ਕੀਤੇ ਗਏ ਹਨ ਤੇ ਪੌਣੇ ਪੰਜ ਕਰੋੜ ਦੀ ਰਾਸ਼ੀ ਸ਼ਹਿਰ ਦੇ ਵਿਕਾਸ ਲਈ ਜਾਰੀ ਹੋਈ ਹੈ, ਉਥੇ ਹੀ 42 ਕਰੋੜ ਦੇ ਕਰੀਬ ਰਾਸ਼ੀ ਮੰਡੀ ਗੋਬਿੰਦਗੜ੍ਹ, ਅਮਲੋਹ, ਨਾਭਾ ਤੇ ਭਵਾਨੀਗੜ੍ਹ ਸੜਕ ਲਈ ਜਾਰੀ ਹੋ ਚੁੱਕੀ ਹੈ, ਜਿਸ ਦਾ ਕੰਮ ਜਲਦ ਸ਼ੁਰੂ ਕਰਨ ਜਾ ਰਹੇ ਹਾਂ ਅਤੇ ਆਉਣ ਵਾਲੇ ਦਿਨਾਂ ਵਿੱਚ ਵੀ ਅਮਲੋਹ ਸ਼ਹਿਰ ਵਿੱਚ ਨਵੇਂ ਵਿਕਾਸ ਕੰਮ ਸ਼ੁਰੂ ਕੀਤੇ ਜਾਣਗੇ। ਉਨ੍ਹਾ ਕਿਹਾ ਕਿ ਅਮਲੋਹ ਸ਼ਹਿਰ ਦੇ ਹਰ ਵਾਰਡ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਗ੍ਰਾਂਟਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਤੇ ਮੇਰਾ ਮਕਸਦ ਵਿਕਾਸ ਕਰਵਾਉਣਾ ਹੈ, ਜਿਸ ਲਈ ਯਤਨ ਜਾਰੀ ਰਹਿਣਗੇ।

ਉਨ੍ਹਾ ਕਿਹਾ ਕਿ ਅਮਲੋਹ ਸ਼ਹਿਰ ਦੇ ਵਿਕਾਸ ਤਸੱਲੀਬਖਸ਼ ਤਰੀਕੇ ਨਾਲ ਕਰਵਾਏ ਜਾਣਗੇ ਅਤੇ ਕਿਸੇ ਪ੍ਰਕਾਰ ਦੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਸ਼ਹਿਰੀ ਪ੍ਰਧਾਨ ਸਿਕੰਦਰ ਸਿੰਘ ਗੋਗੀ, ਪ੍ਰਧਾਨ ਦਰਸ਼ਨ ਸਿੰਘ ਚੀਮਾ, ਆੜ੍ਹਤੀਆ ਐਸੋਸੀਏਸ਼ਨ ਅਮਲੋਹ ਦੇ ਪ੍ਰਧਾਨ ਪਰਮਵੀਰ ਸਿੰਘ ਮਾਂਗਟ, ਸੀਨੀਅਰ ਆਗੂ ਗੁਰਮੀਤ ਸਿੰਘ ਰਾਮਗੜ੍ਹ, ਪ੍ਰਧਾਨ ਦਰਸ਼ਨ ਸਿੰਘ ਭੱਦਲਥੂਹਾ, ਪ੍ਰਧਾਨ ਗੁਰਮੀਤ ਸਿੰਘ ਹਿੰਮਤਗੜ੍ਹ ਛੰਨਾ, ਕੁਲਦੀਪ ਪਿੰਕੂ, ਐਡਵੋਕੇਟ ਅਸਵਨੀ ਅਬਰੋਲ, ਜਸਵੀਰ ਸਿੰਘ ਫੌਜੀ, ਤਰਨਦੀਪ ਸਿੰਘ ਬਦੇਸਾ, ਦਰਸ਼ਨ ਸਿੰਘ, ਸਨੀ ਮਾਹੀ, ਯਾਦਵਿੰਦਰ ਸਿੰਘ ਮਾਨਗੜ੍ਹ, ਦਵਿੰਦਰ ਸਿੰਘ, ਰਾਕੇਸ਼ ਕੁਮਾਰ ਬਬਲੀ, ਠੇਕੇਦਾਰ ਮਨਜੀਤ ਸਿੰਘ ਸੋਖੋਂ, ਭਾਗ ਸਿੰਘ ਖਨਿਆਣ, ਰਾਕੇਸ਼ ਕੁਮਾਰ ਬੰਟੀ, ਰਣਜੀਤ ਸਿੰਘ, ਦਰਸ਼ਨ ਸਿੰਘ ਅਮਲੋਹ, ਜਗਦੇਵ ਸਿੰਘ ਅਮਲੋਹ, ਕੁਲਦੀਪ ਦੀਪਾ, ਜਿੰਮੀ ਲਾਡਪੁਰ, ਅਮਨਦੀਪ ਧਰਮਗੜ੍ਹ, ਲਵੀ ਬਿੰਦਰਾ, ਪਾਲਾ ਸਿੰਘ ,ਬੰਤ ਸਿੰਘ, ਅਮਰਜੀਤ ਸਿੰਘ, ਕਰਮਜੀਤ ਮੱਲੋਵਾਲ ਮੋਨੀ ਪੰਡਤ, ਦਫਤਰ ਇੰਚਾਰਜ ਰਾਮ ਬਾਵਾ ਤੇ ਲਤਾ ਠਾਕੁਰ ਆਦਿ ਮੌਜੂਦ ਸਨ।

ਕਾਤਰਾਂ

ਨਜਾਇਜ਼ ਸ਼ਰਾਬ ਸਣੇ ਔਰਤ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਨੇ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਔਰਤ ਨੂੰ ਕਾਬੂ ਕੀਤਾ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਬਾਹਮਣੀ ਫਾਟਕ ਨਜ਼ਦੀਕ ਨਾਨਕ ਨਗਰੀ ਜਲਾਲਾਬਾਦ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਪੁਲਸ ਪਾਰਟੀ ਨੂੰ ਇਤਲਾਹ ਦਿੱਤੀ ਕਿ ਪਰਮਜੀਤ ਕੌਰ ਪਤਨੀ ਸਰਵਨ ਸਿੰਘ ਵਾਸੀ ਵਾਸੀ ਨਾਨਕ ਨਗਰੀ ਨੇੜੇ ਬਾਹਮਣੀ ਫਾਟਕ ਜਲਾਲਾਬਾਦ ਨਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦੀ ਆਦੀ ਹੈ, ਜੋ ਹੁਣ ਵੀ ਆਪਣੇ ਘਰ 'ਚ ਨਜਾਇਜ਼ ਸ਼ਰਾਬ ਵੇਚ ਰਹੀ ਹੈ। ਉਪਰੰਤ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਪਰਮਜੀਤ ਕੌਰ ਨੂੰ ਸਵਾ 20 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ ਕਰਕੇ ਥਾਣਾ ਸਿਟੀ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ 2 ਮੁਲਜ਼ਮ ਗ੍ਰਿਫ਼ਤਾਰ

ਸੰਗਰੂਰ (ਪ੍ਰਵੀਨ ਸਿੰਘ)-ਸ੍ਰੀ ਸੁਰੇਂਦਰ ਲਾਂਬਾ 105, ਐੱਸ.ਐੱਸ.ਪੀ. ਸੰਗਰੂਰ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਥਾਣਾ ਸਿਟੀ-1 ਸੰਗਰੂਰ ਦੇ ਏਰੀਆ ਵਿੱਚ ਲੁੱਟਾਂ ਖੋਹਾਂ ਕਰਨ ਵਾਲੇ ਗਰੋਹ ਦੇ 02 ਮੁਲਜ਼ਮ ਗ੍ਰਿਫ਼ਤਾਰ, ਵਾਰਦਾਤ ਸਮੇਂ ਵਰਤਿਆ ਮੋਟਰਸਾਈਕਲ ਤੇ ਖੋਹ ਕੀਤੀ ਰਕਮ ਵਿੱਚੋਂ 60,000/-ਰੁਪਏ ਬਰਾਮਦ ਕੀਤੇ ਗਏ ਹਨ। ਸ੍ਰੀ ਸੁਰੇਂਦਰ ਲਾਂਬਾ ਦੱਸਿਆ ਕਿ 3 ਅਗਸਤ 2023 ਨੂੰ ਦਰਸ਼ਨ ਕੁਮਾਰ ਪੁੱਤਰ ਮੋਹਨ ਲਾਲ ਵਾਸੀ ਨੇੜੇ ਲਾਲ ਕੋਠੀ ਸੰਗਰੂਰ ਵੱਲੋਂ ਦਿੱਤੀ ਇਤਲਾਹ 'ਤੇ ਮੁਕੱਦਮਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ, ਜਿਸ ਤਹਿਤ ਗੁਰਮੇਲ ਸਿੰਘ ਪੁੱਤਰ ਗੁਰਦਿਆਲ ਸਿੰਘ ਤੇ ਮਨਪ੍ਰੀਤ ਸਿੰਘ ਪੁੱਤਰ ਰਘਵੀਰ ਸਿੰਘ ਵਾਸੀਆਨ ਖਿਲਰੀਆਂ ਨੂੰ 9 ਅਗਸਤ 2023 ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਤੇ ਖੋਹ ਕੀਤੀ ਰਕਮ 'ਚੋਂ 60,000/- ਰੁਪਏ ਬਰਾਮਦ ਕਰਵਾਏ ਗਏ ਹਨ। ਦੋਸ਼ੀਆਨ ਪਾਸੋਂ ਪੁੱਛਗਿੱਛ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਤਜਵੀਜ਼ ਦੀ ਨਿੰਦਾ

ਜਲਾਲਾਬਾਦ (ਜੀਤ ਕੁਮਾਰ)-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰਾਂ ਤੇ ਕੋ-ਕਨਵੀਨਰਾਂ ਦੀ ਵਰਚੂਅਲ ਮੀਟਿੰਗ ਸੁਰਿੰਦਰ ਕੁਮਾਰ ਪੁਆਰੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਿੱਖਿਆ ਵਿਭਾਗ ਵੱਲੋਂ ਅਧਿਆਪਕਾਂ ਦੀ ਰੈਸ਼ਨੇਲਾਈਜ਼ੇਸ਼ਨ ਗੈਰਤਰਕਸੰਗਤ ਤਰੀਕੇ ਨਾਲ ਕਰਨ ਦੀ ਤਜਵੀਜ਼ ਦੀ ਨਿਖੇਧੀ ਕੀਤੀ ਗਈ ਤੇ ਇਸ ਸਬੰਧੀ 16 ਅਗਸਤ ਨੂੰ 11 ਵਜੇ ਸਾਂਝਾ ਅਧਿਆਪਕ ਮੋਰਚਾ ਪੰਜਾਬ ਦਾ ਮਾਸ ਡੈਪੂਟੇਸ਼ਨ ਉੱਚ ਸਿੱਖਿਆ ਅਧਿਕਾਰੀਆਂ ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮਿਲਣ ਉਪਰੰਤ ਉਕਤ ਫੈਸਲੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਜਾਵੇਗਾ, ਜਿਸ ਦੇ ਬਾਅਦ ਸਾਂਝਾ ਅਧਿਆਪਕ ਮੋਰਚਾ ਪੰਜਾਬ ਵੱਲੋਂ ਅਗਲੇ ਸੰਘਰਸ਼ ਦੇ ਐਕਸ਼ਨ ਕਰਨ ਦਾ ਐਲਾਨ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਆਗੂ ਸੁਰਿੰਦਰ ਕੰਬੋਜ, ਬਲਜੀਤ ਸਿੰਘ ਸਲਾਣਾ, ਸੁਖਵਿੰਦਰ ਸਿੰਘ ਚਾਹਲ, ਬਾਜ ਸਿੰਘ ਖਹਿਰਾ, ਹਰਵਿੰਦਰ ਸਿੰਘ ਬਿਲਗਾ, ਗੁਰਜੰਟ ਸਿੰਘ ਵਾਲੀਆ, ਨਵਪ੍ਰੀਤ ਬੱਲੀ, ਗੁਰਿੰਦਰ ਸਿੰਘ ਸਿੱਧੂ, ਸੁਖਜਿੰਦਰ ਸਿੰਘ, ਗੁਰਪ੍ਰੀਤ ਸਿੰਘ ਮਾੜੀਮੇਘਾ ਆਦਿ ਸ਼ਾਮਲ ਸਨ।

ਮਾਤਾ ਸਾਹਿਬ ਕੌਰ ਪਬਲਿਕ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਮਾਤਾ ਸਾਹਿਬ ਕੌਰ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਗੁਰੂ ਹਰਸਹਾਏ ਦੀ

13-AUG-Page-6.qxd 8/12/2023 10:56 PM Page 1

ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਦਾ ਜਥਾ ਪਹੁੰਚਿਆ ਮਾਹਿਲਪੁਰ

ਮਾਹਿਲਪੁਰ (ਸਫਰੀ) - ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਇਜ਼ ਫੈਡਰੇਸ਼ਨ ਦੇ ਸੱਦੇ 'ਤੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ-ਪੈਨਸ਼ਨਰ ਵਰਗ ਵਿਰੁੱਧ ਅਪਣਾਏ ਅੜੀਅਲ ਰਵੱਈਏ ਦੇ ਵਿਰੋਧ ਵਜੋਂ ਪੰਜਾਬ ਦੇ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਵਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ਼ੁਰੂ ਹੋਇਆ ਜਥਾ ਮਾਹਿਲਪੁਰ ਵਿਖੇ ਪਹੁੰਚਿਆ। ਜਥੇ ਦੀ ਅਗਵਾਈ ਪੰਜਾਬ ਸੁਬਾਰਡੀਨੇਟ ਸਰਵਿਸ ਫੈਡਰੇਸ਼ਨ ਸੂਬਾ ਪ੍ਰਧਾਨ ਸਤੀਸ਼ ਰਾਣਾ, ਪ੍ਰੈੱਸ ਸਕੱਤਰ ਇੰਦਰਜੀਤ ਵਿਰਦੀ, ਗੁਰਪ੍ਰੀਤ ਸਿੰਘ ਸੂਬਾ ਪ੍ਰਧਾਨ ਪੰਜਾਬ ਜਲ ਸਰੋਤ, ਰਾਜ ਕੁਮਾਰ ਜੀ.ਟੀ.ਯੂ ਆਗੂ, ਸੁਖਦੇਵ ਸਿੰਘ ਜਾਜਾ ਅਤੇ ਰਜਿੰਦਰ ਸਿੰਘ ਵੱਲੋਂ ਕੀਤੀ ਗਈ। ਜਥਾ ਮਾਰਚ ਦਾ ਮਾਹਿਲਪੁਰ ਵਿਖੇ ਪਹੁੰਚਣ 'ਤੇ ਪਸਸਫ ਬਲਾਕ ਮਾਹਿਲਪੁਰ ਦੇ ਪ੍ਰਧਾਨ ਨਰਿੰਦਰ ਅਜਨੋਹਾ, ਮੱਖਣ ਸਿੰਘ ਲੰਗੇਰੀ, ਪ੍ਰਿੰਸੀਪਲ ਪਿਆਰਾ ਸਿੰਘ, ਸੱਤਪਾਲ ਲੱਠ ਅਤੇ ਮਲਕੀਤ ਸਿੰਘ ਬਾਹੋਵਾਲ ਦੀ ਅਗਵਾਈ ਵਿੱਚ ਸਵਾਗਤ ਕੀਤਾ ਗਿਆ। ਇਸ ਜਥਾ ਮਾਰਚ ਨੂੰ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਜੇ.ਪੀ.ਐੱਮ.ਓ ਵੱਲੋਂ ਵੀ ਸਮਰਥਨ ਦਿੱਤਾ ਗਿਆ ਹੈ। ਇਸ ਜੱਥੇ ਮਾਰਚ ਵਿੱਚ ਵੱਖ-ਵੱਖ ਆਗੂਆਂ ਨੇ ਕਿਹਾ ਕਿ ਸਮੇਂ-ਸਮੇਂ ਦੀਆਂ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਨੇ ਹਮੇਸ਼ਾ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਹੈ। ਮਾਣਭੱਤੇ ਅਤੇ ਡੇਲੀਵੇਜ ਕਾਮਿਆਂ ਦੀਆਂ ਉਜਰਤਾਂ ਵਿੱਚ ਵਾਧਾ ਕਰਵਾਉਣ, ਕੱਚੇ ਮੁਲਾਜ਼ਮ ਪੱਕੇ ਕਰਵਾਉਣ, ਪੁਰਾਣੀ ਪੈਨਸ਼ਨ ਬਹਾਲ ਕਰਵਾਉਣ, ਪੈਨਸ਼ਨਰਾਂ ਲਈ 2.59 ਗੁਣਾਂਕ ਲਾਗੂ ਕਰਵਾਉਣ, ਸਿੱਖਿਆ ਦਾ ਭਗਵਾਂਕਰਨ ਬੰਦ ਕਰਵਾਉਣ, ਨਿੱਜੀਕਰਨ ਬੰਦ ਕਰਵਾਉਣ, ਕੇਂਦਰੀ ਪੇਅ ਕਮਿਸ਼ਨ ਰੱਦ ਕਰਵਾਉਣ, ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁਟੀਆਂ ਦੂਰ ਕਰਵਾਉਣ ਅਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਲਈ ਇਹ ਜਥਾ ਮਾਰਚ ਕੀਤਾ ਜਾ ਰਿਹਾ ਹੈ। ਇਸ ਮੌਕੇ ਪਰਮਜੀਤ ਕਾਤਿਬ, ਸਗਲੀ ਰਾਮ, ਸਰਬਜੀਤ ਸਿੰਘ, ਅਮਰੀਕ ਸਿੰਘ, ਰਜਿੰਦਰ ਸਿੰਘ, ਸ਼ਿੰਦਰਪਾਲ, ਮਨਜਿੰਦਰ ਸਿੰਘ ਹੱਲੂਵਾਲ, ਸੁਰਿੰਦਰ ਸਿੰਘ, ਟੇਕ ਚੰਦ, ਬਲਦੇਵ ਢੱਕੋਂ, ਗਿਆਨ ਚੰਦ, ਹਰਮੇਸ਼ ਚੰਦ, ਸਤਨਾਮ ਸਿੰਘ, ਜਸਵਿੰਦਰ ਸਿੰਘ, ਪ੍ਰਿੰਸੀਪਲ ਸੁਰਜੀਤ ਸਿੰਘ, ਲਖਵੀਰ ਸਿੰਘ, ਓਮ ਦੱਤ, ਪ੍ਰਦੁਮਣ ਗੌਤਮ, ਗੁਰਮੀਤ ਚੰਦ, ਤਰਸੇਮ ਲਾਲ, ਮਿਤਹਲੇਸ਼ ਹਾਂਡਾ, ਕਮਲਜੀਤ ਕੌਰ, ਸੁਰਿੰਦਰ ਕੌਰ, ਬਲਵੀਰ ਕੌਰ, ਬਲਜਿੰਦਰ ਕੌਰ ਆਦਿ ਹਾਜ਼ਰ ਸਨ।

ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਪਾਸ ਕੀਤਾ ਸੀ ਏ ਫਾਊਂਡੇਸ਼ਨ ਟੈਸਟ

ਜਲੰਧਰ (ਸ਼ੈਲੀ ਐਲਬਰਟ)-ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੇ ਵਿਦਿਆਰਥੀ ਅਕਾਦਮਿਕ, ਪੜ੍ਹਾਈ, ਕਲਚਰਲ, ਖੇਡਾਂ, ਖੋਜ ਅਤੇ ਸਾਹਿਤਕ ਖੇਤਰ ਵਿੱਚ ਪ੍ਰਾਪਤੀਆਂ ਕਰਨ ਦੇ ਨਾਲ ਨਾਲ ਕਾਮਰਸ ਅਤੇ ਬਿਜ਼ਨਸ ਖੇਤਰ ਵਿੱਚ ਵੀ ਸੇਵਾਵਾਂ ਦੇ ਰਹੇ ਹਨ। ਇਸੇ ਲੜੀ ਵਿੱਚ ਕਾਲਜ ਦੇ ਕਾਮਰਸ ਵਿਭਾਗ ਦੇ ਚਾਰ ਵਿਦਿਆਰਥੀਆਂ ਆਯੂਸ਼ ਭਾਰਦਵਾਜ, ਦਾਨਿਸ਼ ਸ਼ਰਮਾ, ਨਵਨੀਤ ਕੁਮਾਰ, ਮਨਪ੍ਰੀਤ ਸਿੰਘ, ਹਰਮਨਦੀਪ ਕੌਰ ਅਤੇ ਸਮਰਿਧੀ ਬੱਬਰ ਨੇ ਇੰਸਟੀਚਿਊਟ ਆਫ਼ ਚਾਰਟਰਡ ਅਕਾਊਂਟਸ ਆਫ਼ ਇੰਡੀਆ ਦੁਆਰਾ ਲਿਆ ਗਿਆ ਸੀ.ਏ. ਫਾਊਂਡੇਸ਼ਨ ਟੈਸਟ ਪਾਸ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਪ੍ਰੋ. ਜਸਗੀਨ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਨਮਾਨਤ ਕੀਤਾ। ਉਨ੍ਹਾਂ ਦੱਸਿਆ ਕਿ ਇਹ ਟੈਸਟ ਪਾਸ ਕਰਨ ਵਾਲੇ ਸਾਰੇ ਹੀ ਬੀ.ਕਾਮ ਭਾਗ ਪਹਿਲਾ ਦੇ ਵਿਦਿਆਰਥੀ ਹਨ ਅਤੇ ਇਨ੍ਹਾਂ ਨੇ ਪਹਿਲੀ ਵਾਰੀ ਪੇਪਰ ਦੇ ਕੇ ਇਹ ਪ੍ਰਾਪਤੀ ਕੀਤੀ ਹੈ। ਉਨ੍ਹਾਂ ਇਸ ਮੌਕੇ ਵਿਭਾਗ ਦੇ ਗਾਈਡੈਂਸ ਸੈੱਲ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਵਿਦਿਆਰਥੀਆਂ ਦੀਆਂ ਇਨ੍ਹਾਂ ਵਿਸ਼ੇਸ਼ ਪ੍ਰਾਪਤੀਆਂ ਦੀ ਡਾ. ਰਛਪਾਲ ਸਿੰਘ ਸੰਧੂ ਮੁਖੀ ਕਾਮਰਸ ਵਿਭਾਗ ਅਤੇ ਡਾ. ਨਵਦੀਪ ਕੁਮਾਰ ਕੋਆਰਡੀਨੇਟਰ ਗਾਈਡੈਂਸ ਸੈੱਲ ਨੇ ਵੀ ਸ਼ਲਾਘਾ ਕੀਤੀ

ਇਨੋਸੈਂਟ ਹਾਰਟਸ ਦੇ ਵਿਦਿਆਰਥੀਆਂ ਨੇ ਸਾਈਕਲੋਥਨ ਰਾਹੀਂ ਦਿੱਤਾ 'ਮੇਰੀ ਮਿੱਟੀ, ਮੇਰਾ ਦੇਸ਼' ਦਾ ਸੰਦੇਸ਼

ਜਲੰਧਰ (ਸ਼ੈਲੀ ਐਲਬਰਟ)- ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੁਆਰਾ ਚਲਾਏ ਜਾ ਰਹੇ ਦਿਸ਼ਾ- ਇੱਕ ਪਹਿਲਕਦਮੀ ਨੇ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਮਨਾਉਂਦੇ ਹੋਏ ਇੰਨੋਸੈਂਟ ਹਾਰਟਸ ਗਰੁੱਪ ਦੇ ਵਿਦਿਆਰਥੀਆਂ, ਸਟਾਫ਼ ਅਤੇ ਮਾਪਿਆਂ ਨੇ ਇੰਨੋਸੈਂਟ ਹਾਰਟਸ ਗ੍ਰੀਨ ਮਾਡਲ ਟਾਊਨ, ਜਲੰਧਰ ਸ਼ਹਿਰ ਤੋਂ ਇੱਕ ਵਿਸ਼ਾਲ ਸਾਈਕਲ ਰੈਲੀ ਕੱਢੀ। ਸਕੂਲ ਦੀ ਸਟੂਡੈਂਟ ਕੌਂਸਲ ਨੇ ਸਾਈਕਲੋਥੌਨ ਦਾ ਆਯੋਜਨ ਕੀਤਾ। ਸਾਈਕਲ ਰੈਲੀ ਮੇਰੀ ਮਿੱਟੀ, ਮੇਰਾ ਦੇਸ਼ ਦਾ ਸੁਨੇਹਾ ਦੇਣ ਲਈ ਦੇਸ਼ ਦੀ ਮਿੱਟੀ ਦਾ ਸਤਿਕਾਰ ਕਰਨ, ਇਸ ਦੀ ਰਾਖੀ ਲਈ ਹਰ ਸਮੇਂ ਤਿਆਰ ਰਹਿਣ ਅਤੇ ਆਪਣੇ ਵਾਤਾਵਰਨ ਦੀ ਰਾਖੀ ਲਈ ਵੀ ਸੀ। ਡਾ: ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ.ਐਸ.ਆਰ.) ਨੇ ਤਿਰੰਗੇ ਦੇ ਰੰਗ ਦੇ ਗੁਬਾਰੇ ਛੱਡ ਕੇ ਰੈਲੀ ਦਾ ਉਦਘਾਟਨ ਕੀਤਾ।

ਇਸ ਰੈਲੀ ਵਿੱਚ ਭਾਗ ਲੈਣ ਵਾਲੇ ਮੈਂਬਰਾਂ ਨੇ ਤਿਰੰਗੇ ਦਾ ਸਤਿਕਾਰ ਕਰਨ, ਭਾਰਤ ਦੀ ਅਖੰਡਤਾ ਅਤੇ ਮਾਤ ਭੂਮੀ ਦੀ ਰੱਖਿਆ ਕਰਨ ਦੀ ਸਹੁੰ ਚੁੱਕੀ। ਉਪਰੰਤ ਡਾ: ਪਲਕ ਨੇ ਹਰੀ ਝੰਡੀ ਦਿਖਾ ਕੇ ਰੈਲੀ ਦੀ ਸ਼ੁਰੂਆਤ ਕਰਵਾਈ। ਇਸ ਸਾਈਕਲੋਥਨ ਸਾਈਕਲ ਰੈਲੀ ਵਿੱਚ ਲਗਭਗ 1000 ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੇ ਭਾਗ ਲਿਆ। ਭਾਗੀਦਾਰਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਦਿਸ਼ਾ-ਨਿਰਦੇਸ਼ਾਂ ਲਈ ਸਕਾਊਟਸ ਦੇ ਮੈਂਬਰ ਅਤੇ ਅਧਿਆਪਕ ਪੂਰੇ ਰੂਟ ਵਿੱਚ ਕੁਝ ਦੂਰੀ 'ਤੇ ਮੌਜੂਦ ਸਨ। ਇਨੋਸੈਂਟ ਹਾਰਟਸ ਦੇ ਚੇਅਰਮੈਨ ਡਾ: ਅਨੂਪ ਬੌਰੀ, ਮੈਨੇਜਿੰਗ ਡਾਇਰੈਕਟਰ ਮੈਡੀਕਲ ਸਰਵਿਸਿਜ਼ ਡਾ. ਚੰਦਰ ਬੌਰੀ, ਸਕੂਲਜ਼ ਦੀ ਕਾਰਜਕਾਰੀ ਨਿਰਦੇਸ਼ਕ ਸ਼ੈਲੀ ਬੌਰੀ, ਕਾਲਜਾਂ ਦੀ ਕਾਰਜਕਾਰੀ ਡਾਇਰੈਕਟਰ ਅਰਾਧਨਾ ਬੌਰੀ, ਡਾ. ਰੋਹਨ ਬੌਰੀ ਅਤੇ ਮੈਨੇਜਮੈਂਟ ਦੇ ਸਮੂਹ ਮੈਂਬਰ ਹਾਜ਼ਰ ਸਨ।ਇਨੋਸੈਂਟ ਹਾਰਟਸ ਦੇ ਚੇਅਰਮੈਨ ਡਾ. ਅਨੂਪ ਬੌਰੀ ਵੱਲੋਂ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਗਈ। ਪ੍ਰੌਨ ਫੂਡਜ਼ ਦੁਆਰਾ ਹਰੇਕ ਭਾਗੀਦਾਰ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

ਸੰਤ ਬਾਬਾ ਰਾਮ ਸਿੰਘ ਹਾਈ ਸਕੂਲ 'ਚ ਤੀਆਂ ਦਾ ਤਿਉਹਾਰ ਮਨਾਇਆ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ) -ਸੰਤ ਬਾਬਾ ਰਾਮ ਸਿੰਘ ਪਬਲਿਕ ਹਾਈ ਸਕੂਲ ਪਿੰਡ ਤਾਜੇਵਾਲ ਵਿਖੇ ਸਾਉਣ ਮਹੀਨੇ ਦੀਆਂ ਤੀਆਂ ਦਾ ਤਿਉਹਾਰ ਸਕੂਲ ਪ੍ਰਿੰਸੀਪਲ ਨਰਵੀਰ ਸਿੰਘ ਅਤੇ ਸਮੁੱਚੇ ਸਟਾਫ ਦੀ ਯੋਗ ਅਗਵਾਈ ਹੇਠ ਉਤਸ਼ਾਹ ਪੂਰਵਕ ਮਨਾਇਆ ਗਿਆ। ਸਮਾਗਮ 'ਚ ਸੰਤ ਬਾਬਾ ਮਹਾਂਵੀਰ ਸਿੰਘ ਅਤੇ ਬੀਬੀ ਜਸਵੀਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਗਿੱਧਾ, ਬੋਲੀਆਂ, ਸਕਿਟਾਂ ਅਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਤੀਆਂ ਦੇ ਇਸ ਮੇਲੇ ਵਿੱਚ ਸੁਖਪ੍ਰੀਤ ਕੌਰ, ਮੀਨੂੰ ਸ਼ਰਮਾ, ਨੀਲਮ ਰਾਣੀ, ਬਲਵਿੰਦਰ ਕੌਰ, ਜੀਤ ਸਿੰਘ ਸਮੇਤ ਸਕੂਲ ਦੇ ਸਮੁੱਚੇ ਸਟਾਫ ਅਤੇ ਵਿਦਿਆਰਥਣਾਂ ਨੇ ਹਿੱਸਾ ਲਿਆ। ਇਸ ਮੌਕੇ ਬੀਬੀ ਜਸਵੀਰ ਕੌਰ ਨੇ ਕਿਹਾ ਕਿ ਮੇਲੇ ਸਾਡੀ ਪੁਰਾਤਨ ਸੰਸਕ੍ਰਿਤੀ ਦਾ ਪ੍ਰਤੀਕ ਹਨ। ਤੀਆਂ ਦੇ ਇਸ ਸਮਾਗਮ ਵਿੱਚ ਸਭਨਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲੈ ਕੇ ਖੁਸ਼ੀਆਂ ਮਨਾਉਂਦੇ ਹੋਏ ਭਾਈਚਾਰਕ ਸਾਂਝ ਨੂੰ ਕਾਇਮ ਕੀਤਾ। ਉਨਾਂ ਕਿਹਾ ਕਿ ਸਾਨੂੰ ਲੜਕੀਆਂ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਕਰਨਾ ਚਾਹੀਦਾ ਅਤੇ ਉਨ੍ਹਾਂ ਨੂੰ ਪੜ੍ਹਾਈ ਲਿਖਾਈ ਅਤੇ ਜ਼ਿੰਦਗੀ ਦੇ ਹਰ ਖੇਤਰ ਵਿੱਚ ਅੱਗੇ ਵਧਣ ਲਈ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ। ਕੁੱਲ ਮਿਲਾ ਕੇ ਸਖਤ ਮਿਹਨਤ ਨਾਲ ਤਿਆਰ ਕੀਤੀਆਂ ਪੇਸ਼ਕਾਰੀਆਂ ਯਾਦਗਾਰੀ ਹੋ ਨਿੱਬੜੀਆਂ।

ਐੱਸ ਡੀ ਕਾਲਜ 'ਚ ਯੁਵਕ ਦਿਵਸ ਸੰਬੰਧੀ ਸਮਾਗਮ

ਸੁਲਤਾਨਪੁਰ ਲੋਧੀ, (ਹਨੀ)- ਐੱਸ ਡੀ ਕਾਲਜ ਫਾਰ ਵੂਮੈਨ ਵਿਖੇ ਐੱਨ ਐੱਸ ਐੱਸ ਵਿਭਾਗ ਅਤੇ ਰੈੱਡ ਰਿੱਬਨ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਯੁਵਕ ਦਿਵਸ ਮਨਾਇਆ ਗਿਆ। ਮੈਡਮ ਸੁਨੀਤਾ ਕਲੇਰ ਨੇ ਐੱਚ ਆਈ ਵੀ ਅਤੇ ਏਡਜ਼ ਸੰਬੰਧੀ ਵਿਦਿਆਰਥਣਾਂ ਨੂੰ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਐੱਚ ਆਈ ਵੀ ਫੈਲਣ ਦੇ ਸਾਰੇ ਕਾਰਨ ਵਿਸਥਾਰ ਸਹਿਤ ਸਮਝਾਉਂਦੇ ਹੋਏ ਵਿਦਿਆਰਥਣਾਂ ਨੂੰ ਜਾਗਰੂਕ ਰਹਿਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਸ਼ੁਕਲਾ ਨੇ ਵਿਦਿਆਰਥਣਾਂ ਨੂੰ ਆਪਣੇ ਨਗਰ ਤੇ ਆਲੇ ਦੁਆਲੇ ਦੇ ਲੋਕਾਂ ਨੂੰ ਵੀ ਇਸ ਸੰਬੰਧੀ ਜਾਗਰੂਕ ਕਰਨ ਲਈ ਕਿਹਾ। ਮੰਚ ਸੰਚਾਲਨ ਮੈਡਮ ਰਾਜਬੀਰ ਕੌਰ ਵੱਲੋਂ ਕੀਤਾ ਗਿਆ। ਇਸ ਦੌਰਾਨ ਪੋਸਟਰ ਮੇਕਿੰਗ ਪ੍ਰਤੀਯੋਗਤਾ ਵੀ ਕਰਵਾਈ ਗਈ। ਇਸ ਮੌਕੇ ਮੈਡਮ ਕਸ਼ਮੀਰ ਕੌਰ, ਗੀਟਾ ਮਸੀਹ, ਕਿਰਨਦੀਪ ਕੌਰ, ਸੋਬੀਆ, ਸੋਨੀਆ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਿਦਿਆਰਥਣਾਂ ਹਾਜ਼ਰ ਸਨ।

ਵਧ ਰਹੇ ਨਸ਼ੇ ਦੇ ਰੁਝਾਨ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ

ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)-ਐਸ. ਐਸ. ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਸ੍ਰੀ ਚਮਕੌਰ ਸਾਹਿਬ ਵਲੋਂ ਪੰਜਾਬ ਰਾਜ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਦੀ ਗਾਇਡ ਲਾਇਨਜ ਅਨੁਸਾਰ ਸੰਸਥਾ ਵੱਲੋਂ ਰੋਪੜ ਜ਼ਿਲ੍ਹੇ ਦੇ ਸਕੂਲਾ ਵਿਚ ਵੱਧ ਰਹੇ ਨਸ਼ੇ ਦੇ ਰੁਝਾਨ ਪ੍ਰਤੀ ਵਿਦਿਆਰਥੀਆ ਨੂੰ ਜਾਗਰੂਕ ਕੀਤਾ ਗਿਆ ਤਾ ਕਿ ਉਹ ਖੁਦ ਇਸ ਬੁਰਾਈ ਤੋ ਬਚਣ ਅਤੇ ਆਪਣਿਆ ਪਰਿਵਾਰਾ ਨੂੰ ਇਸ ਬੁਰਾਈ ਤੋਂ ਦੂਰ ਰਖਣ ਦੇ ਯਤਨ ਕਰਨ, ਜਿਸ ਘਰ ਵਿੱਚ ਸ਼ਰਾਬ ਜਾ ਕਿਸੇ ਨਸ਼ੇ ਦੀ ਲਤ ਲਗੀ ਹੋਈ ਹੈ ਤਾ ਉਸ ਵਿੱਚ ਛੋਟੇ ਬਚੇ ਕੁਦਰਤੀ ਤੌਰ 'ਤੇ ਇਸ ਰੁਝਾਨ ਵੱਲ ਚੱਲ ਪੈਂਦੇ ਹਨ। ਇਸ ਬਾਰੇ ਉਹਨਾਂ ਨੂੰ ਜਾਗਰੂਕ ਕੀਤਾ ਗਿਆ, ਇਸ ਪ੍ਰੋਗਰਾਮ ਅਧੀਨ ਖਾਲਸਾ ਪਬਲਿਕ ਸੀਨੀਅਰ ਸੰਕੈਂਡਰੀ ਸਕੂਲ ਜੰਡ ਸਾਹਿਬ ਦੇ ਪ੍ਰਿੰਸੀਪਲ ਮੈਡਮ ਹਰਲੀਨ ਕੌਰ ਜੀ ਤੇ ਮੈਡਮ ਹਰਵਿੰਦਰ ਕੌਰ , ਸ. ਜਸਵੰਤ ਸਿੰਘ ਜੀ ਅਤੇ ਸਮੂਹ ਸਟਾਫ ਮੈਬਰਜ ਨੇ ਇਸ ਜਾਗਰੂਕਤਾ ਕੈਂਪ ਨੂੰ ਸਫਲ ਕਰਨ ਵਿਚ ਸਹਿਯੋਗ ਦਿਤਾ ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਪ੍ਰੋ. ਆਰ.ਸੀ.ਢੰਡ ਨੇ ਹਾਜ਼ਰ ਹੋਏ ਬੱਚਿਆਂ ਨੂੰ ਇਸ ਬੁਰਾਈ ਸੰਬਧੀ ਜਾਣਕਾਰੀ ਦਿੰਦੇ ਹੋਏ ਸਾਰੇ ਬਚਿਆ ਨੂੰ ਸੌਂਹ ਵੀ ਚਕਵਾਈ।

ਇਸ ਵਿਚ ਸ਼ਾਮਲ ਸ੍ਰੀਮਤੀ ਆਸ਼ਾ ਰਾਣੀ ਅਤੇ ਕੈਪਟਨ ਹਰਪਾਲ ਸਿੰਘ ਨੇ ਆਪਣੇ ਵਿਚਾਰ ਰਖੇ ਅਤੇ ਸਕੂਲ ਦੇ ਪ੍ਰਿੰਸੀਪਲ ਤੇ ਸਮੂਹ ਸਟਾਫ ਨੂੰ ਸਨਮਾਨਿਤ ਕੀਤਾ ਗਿਆ।

ਧਾਰਮਕ ਸਮਾਗਮ 20 ਨੂੰ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)- ਸ੍ਰੀਮਾਨ 108 ਬ੍ਰਹਮ ਗਿਆਨੀ ਸੰਤ ਬਾਬਾ ਸੋਭਾ ਸਿੰਘ ਜੀ ਦੀ ਸਾਲਾਨਾ ਬਰਸੀ 20 ਅਗਸਤ ਦਿਨ ਐਤਵਾਰ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਉਹਨਾਂ ਦੇ ਤਪ ਅਸਥਾਨ ਪਿੰਡ ਲੰਗੇਰੀ ਵਿਖੇ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਬਲਬੀਰ ਸਿੰਘ ਨੇ ਦੱਸਿਆ ਕਿ 18 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। ਜਿਨ੍ਹਾਂ ਦੇ ਭੋਗ 20 ਅਗਸਤ ਨੂੰ ਪੈਣਗੇ। ਪਾਠ ਦੇ ਭੋਗ ਤੋਂ ਬਾਅਦ ਸਮਾਗਮ ਵਿੱਚ ਪਹੁੰਚੇ ਕੀਰਤਨੀ ਜਥੇ ਅਤੇ ਸੰਤ ਮਹਾਂਪੁਰਸ਼ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਉਸ ਪਰਮਾਤਮਾ ਦੇ ਰੰਗ ਵਿੱਚ ਰੰਗਣਗੇ, ਜੋ ਇਸ ਬ੍ਰਹਿਮੰਡ ਦੇ ਕਣ-ਕਣ ਵਿੱਚ ਮੌਜੂਦ ਹੈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਪਿੰਡ ਲੰਗੇਰੀ ਦੀ ਸਮੂਹ ਸਾਧ ਸੰਗਤ ਵਿਸੇਸ ਸਹਿਯੋਗ ਕਰ ਰਹੀ ਹੈ। ਗੁਰੂ ਕੇ ਲੰਗਰ ਅਤੂੱਟ ਚੱਲਣਗੇ।

ਐੱਨ ਐੱਚ ਪੀ ਸੀ ਨੂੰ ਪਹਿਲੀ ਤਿਮਾਹੀ 'ਚ 1053 ਕਰੋੜ ਦਾ ਲਾਭ ਪ੍ਰਾਪਤ

ਜਲੰਧਰ : ਭਾਰਤ ਦੀ ਮੋਹਰੀ ਜਲ ਬਿਜਲੀ ਕੰਪਨੀ ਐੱਨ ਐੱਚ ਪੀ ਸੀ ਲਿਮਟਿਡ ਨੇ ਪਿਛਲੀ ਤਿਮਾਹੀ ਦੇ 1050 ਕਰੋੜ ਦੇ ਮੁਕਾਬਲੇ ਵਿੱਤੀ ਸਾਲ 2023-24 ਦੀ ਪਹਿਲੀ ਤਿਮਾਹੀ 'ਚ ਕਰ ਤੋਂ ਬਾਅਦ 1053 ਕਰੋੜ ਰੁਪਏ ਦਾ ਲਾਭ ਪ੍ਰਾਪਤ ਕੀਤਾ ਹੈ। ਐੱਨ ਐੱਚ ਪੀ ਸੀ ਬੋਰਡ ਦੁਆਰਾ 11 ਅਗਸਤ ਨੂੰ ਆਪਣੀ ਮੀਟਿੰਗ 'ਚ ਵਿੱਤੀ ਸਾਲ 2023-24 ਦੀ ਪਹਿਲੀ ਤਿਮਾਹੀ ਦੇ ਨਤੀਜਿਆਂ ਦੀ ਮਨਜ਼ੂਰੀ ਪ੍ਰਦਾਨ ਕੀਤੀ ਗਈ ਹੈ। ਐ

13-August-PAGE-7.qxd 8/12/2023 10:51 PM Page 1

ਗਿਆਨ ਦੀ ਪ੍ਰੀਖਿਆ ਦੇ ਨਾਲ-ਨਾਲ ਜ਼ਿੰਮੇਵਾਰੀ ਦੀ ਪ੍ਰੀਖਿਆ ਵੀ ਪਾਸ ਕਰਨਾ ਜ਼ਰੂਰੀ : ਮਨੋਹਰ ਲਾਲ

ਚੰਡੀਗੜ੍ਹ, (ਕ੍ਰਿਸ਼ਨ ਗਰਗ)— ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕਿਹਾ ਕਿ ਇਕ ਵਿਦਿਆਰਥੀ ਦੀ ਸਫਲਤਾ ਦੇ ਪਿੱਛੇ ਸਮਾਜ ਦੇ ਅਨੇਕ ਲੋਕਾਂ ਦਾ ਸੰਕਲਪ ਅਤੇ ਤਪਸਿਆ ਹੁੰਦੀ ਹੈ। ਇਹ ਸਫਲਤਾ ਸਾਰਿਆਂ ਦੇ ਸਮੂਹਿਤ ਯਤਨਾਂ ਨਾਲ ਹੀ ਮਿਲਦੀ ਹੈ। ਸਿਖਿਆ ਦਾ ਉਦੇਸ਼ ਡਿਗਰੀ ਪ੍ਰਾਪਤ ਕਰਨਾ ਨਹੀਂ ਹੁੰਦਾ ਸਗੋ ਚੰਗਾ ਇਨਸਾਨ ਬਨਣਾ ਹੁੰਦਾ ਹੈ। ਸਿਖਿਆ ਸੰਸਥਾਨ ਭਵਿੱਖ ਦੇ ਨਿਰਮਾਤਾ ਹੁੰਦੇ ਹਨ।

ਉਹ ਨਾ ਸਿਰਫ ਵਿਦਿਆਰਥੀਆਂ ਨੂੰ ਸਿਖਿਆ ਪ੍ਰਦਾਨ ਕਰਦੇ ਹਨ ਸਗੋ ਉਨ੍ਹਾਂ ਨੂੰ ਚੰਗਾ ਨਾਗਰਿਕ ਤੇ ਸਫਲ ਕਰਮਚਾਰੀ ਬਨਾਉਂਦੇ ਹਨ। ਕੁਰੂਕਸ਼ੇਤਰ ਯੂਨੀਵਰਸਿਟੀ ਹੋਰ ਵਿਦਿਅਕ ਸੰਸਥਾਨਾਂ ਤੋਂ ਕਈ ਤਰ੍ਹਾ ਤੋਂ ਵੱਖ ਹਨ। ਭਾਰਤੀ ਸਭਿਆਚਾਰ ਵਿਚ ਕੁਰੂਕਸ਼ੇਤਰ ਦਾ ਆਪਣਾ ਇਕ ਵਿਸ਼ੇਸ਼ ਮਹਤੱਵ ਹੈ। ਕੁਰੂਕਸ਼ੇਤਰ ਦੀ ਪਵਿੱਤਰ ਸਥਲੀ 'ਤੇ ਭਗਵਾਨ ਸ੍ਰੀ ਕ੍ਰਿਸ਼ਨ ਨੇ ਆਪਣੀ ਬਾਣੀ ਨਾਲ ਸ੍ਰੀਮਦਭਗਵਦਗੀਤਾ ਦਾ ਸੰਦੇਸ਼ ਦਿੱਤਾ ਸੀ। ਇਸ ਪੁੰਨ ਭੂਮੀ ਤੋਂ ਹੀ ਦੁਨੀਆ ਨੂੰ ਕਰਮਯੋਗ ਦਾ ਸੰਦੇਸ਼ ਮਿਲਿਆ।

ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਕੁਰੂਕਸ਼ੇਤਰ ਯੂਨੀਵਰਸਿਟੀ , ਕੁਰੂਕਸ਼ੇਤਰ ਵਿਚ 33ਵੇਂ ਕੰਨਵੋਕੇਸ਼ਨ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਬੋਲ ਰਹੇ ਸਨ। ਇਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੇ ਉਨ੍ਹਾਂ ਦੀ ਧਰਮਪਤੀ ਸ੍ਰੀਮਤੀ ਸਵਿਤਾ ਕੋਵਿੰਦ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ , ਗੁਜਰਾਤ ਦੇ ਰਾਜਪਾਲ ਅਚਾਰਿਆ ਦੇਵਵ੍ਰਤ, ਮੁੱਖ ਮੰਤਰੀ ਮਨੋਹਰ ਲਾਲ , ਉੱਚੇਰੀ ਸਿਖਿਆ ਮੰਤਰੀ ਮੂਲਚੰਦ ਸ਼ਰਮਾ, ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਸਮੇਤ ਹੋਰ ਮਹਿਮਾਨਾਂ ਨੇ ਦੀਪ ਪ੍ਰਜਵਲੱਤ ਕਰ 33ਵੇਂ ਕੰਨਵੋਕੇਸ਼ਨ ਸਮਾਰੋਹ ਦੀ ਸ਼ੁਰੂਆਤ ਕੀਤੀ ਅਤੇ ਸਮਾਰਕਾਂ ਦਾ ਉਦਘਾਟਨ ਵੀ ਕੀਤਾ।

ਸਮਾਰੋਹ ਵਿਚ ਕੁਰੂਕਸ਼ੇਤਰ ਯੂਨੀਵਰਸਿਟੀ ਵੱਲੋਂ ਗੁਜਰਾਤ ਦੇ ਰਾਜਪਾਲ ਅਚਾਰਿਆ ਦੇਵਵ੍ਰਤ ਅਤੇ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਨੂੰ ਯੂਨੀਵਰਸਿਟੀ ਵੱਲੋਂ ਡਾਕਟਰ ਆਫ ਲਿਟਰੇਚਰ (ਡੀ.ਲਿਟ) ਦੀ ਮਾਨਦ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਸਮਾਰੋਹ ਵਿਚ ਪੀਜੀ ਅਤੇ ਯੂਜੀ ਕੋਰਸਾਂ ਦੇ ਸਾਰੇ ਯੂਟੀਡੀ ਵਿਦਿਆਰਥੀਆਂ (2021-22 ਵਿਚ ਪਾਸ) , ਪੀਏਚਡੀ 2023 ਦੇ 88 ਡਿਗਰੀ ਧਾਰਕਾਂ ਨੂੰ ਡਿਗਰੀਆਂ ਵੰਡੀਆਂ।

ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਡਿਗਰੀਆਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਅਤੇ 33ਵੇਂ ਕੰਨਵੋਕੇਸ਼ਨ ਸਮਾਰੋਹ ਦੇ ਸਫਲ ਪ੍ਰਬੰਧ 'ਤੇ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਕੁਰੂਕਸ਼ੇਤਰ ਯੂਨੀਵਰਸਿਟੀ ਨੇ ਪੂਰੇ ਸੂਬੇ ਵਿਚ ਸੱਭ ਤੋਂ ਪਹਿਲਾਂ ਕੌਮੀ ਸਿਖਿਆ ਨੀਤੀ-2020 ਨੂੰ ਆਪਣੇ ਯੂਜੀ ਪ੍ਰੋਗ੍ਰਾਮਸ ਵਿਚ ਲਾਗੂ ਕਰ ਕੇ ਸ਼ਲਾਘਾਯੋਗ ਕੰਮ ਕੀਤਾ ਹੈ।

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਬਤੌਰ ਵਿਸ਼ੇਸ਼ ਮਹਿਮਾਨ 33ਵੇਂ ਕੰਵੋਕੇਸ਼ਨ ਸਮਾਰੋਹ ਵਿਚ ਹਰਿਆਣਾ ਦੀ 2 ਕਰੋੜ 80 ਲੱਖ ਜਨਤਾ ਵੱਲੋਂ ਪ੍ਰੋਗ੍ਰਾਮ ਦੇ ਮੁੱਖ ਮਹਿਮਾਨ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦਾ ਸਵਾਗਤ ਕਰਦੇ ਹੋਏ ਕੁਰੂਕਸ਼ੇਤਰ ਦੀ ਪਵਿੱਤਰ ਧਰਤੀ ਅਤੇ ਗਿਆਨ ਦੀ ਭੂਮੀ 'ਤੇ ਪਹੁੰਚਣ ਲਈ ਉਨ੍ਹਾਂ ਦਾ ਸਵਾਗਤ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਡਿਗਰੀ ਤੇ ਮੈਡਲ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਂਪਿਆ ਅਤੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੱਤੀ।

ਜਾਪਾਨੀ ਭਾਸ਼ਾ ਦਾ ਸਰਟੀਫਿਕੇਟ ਮਿਲਣ 'ਤੇ ਮੁੱਖ ਮੰਤਰੀ ਨੇ ਖੁਸ਼ੀ ਪ੍ਰਗਟਾਉਂਦੇ ਹੋਏ ਕਿਹਾ ਕਿ ਕੇਯੂ ਵਾਇਸ ਚਾਂਸਲਰ ਪ੍ਰੋਫੈਸਰ ਸੋਮਨਾਥ ਸਚਦੇਵਾ ਸਮੇਤ ਹੋਰ ਅਧਿਕਾਰੀ ਉਨ੍ਹਾਂ ਦੇ ਸਹਿਪਾਠੀ ਰਹੇ। ਉਨ੍ਹਾਂ ਨੇ ਕਿਹਾ ਕਿ ਜਾਪਾਨੀ ਭਾਸ਼ਾ ਵਿਚ 30 ਦਿਨ ਦੀ ਆਨਲਾਇਨ ਕਲਾਸਾਂ ਉਨ੍ਹਾਂ ਨੇ ਲਗਾਈਆਂ ਹਨ। ਉਨ੍ਹਾਂ ਨੇ ਜਾਪਾਨੀ ਭਾਸ਼ਾ ਸਿਖਾਉਣ ਲਈ ਜਾਪਾਨੀ ਦੇ ਅਧਿਆਪਕਾਂ ਤੇ ਯੂਨੀਵਰਸਿਟੀ ਦਾ ਵੀ ਧੰਨਵਾਦ ਕੀਤਾ।

ਕਾਲਾ ਸੰਘਿਆਂ 'ਚ ਪੈਨਸ਼ਨਰ ਐਸੋਸੀਏਸ਼ਨ ਸ਼ਹਿਰੀ ਮੰਡਲ ਦੀ ਮੀਟਿੰਗ

ਮਨੀਪੁਰ ਘਟਨਾ ਅਤਿ ਨਿੰਦਣਯੋਗ, ਦੋਸ਼ੀਆਂ ਨੂੰ ਮਿਲੇ ਸਖਤ ਸਜ਼ਾ : ਆਗੂ

ਕਾਲਾ ਸੰਘਿਆਂ (ਮਨਜੀਤ ਮਾਨ)-ਪੈਨਸਨਰ ਐਸੋਸੀਏਸ਼ਨ ਰਜਿ: ਜਥੇਬੰਦੀ ਦੇ ਸਿਟੀ ਡਵੀਜ਼ਨ ਕਪੂਰਥਲਾ ਦੇ ਅਹੁਦੇਦਾਰਾਂ ਦੀ ਮਹੀਨਾਵਾਰ ਮੀਟਿੰਗ ਸਥਾਨਕ ਕਸਬੇ ਦੇ ਦੀਵਾਨ ਖਾਨਾ ਹਾਲ ਵਿਖੇ ਸ਼ਹਿਰੀ ਮੰਡਲ ਪ੍ਰਧਾਨ ਰੇਸ਼ਮ ਲਾਲ ਮਾਨ ਅਤੇ ਸਕੱਤਰ ਬਲਦੇਵ ਰਾਜ ਦੀ ਅਗਵਾਈ ਹੇਠ ਹੋਈ। ਮੀਟਿੰਗ ਦੇ ਸ਼ੁਰੂਆਤ ਮੌਕੇ ਮਨੀਪੁਰ ਘਟਨਾ ਦੀ ਨਿਖੇਧੀ ਕਰਦਿਆਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੀ ਮੰਗ ਕੀਤੀ ਅਤੇ ਕਾਲਾ ਸੰਘਿਆਂ ਵਿਖੇ ਪਿਛਲੇ ਦਿਨੀਂ ਬਿਜਲੀ ਬੋਰਡ ਦੇ ਮੁਲਾਜ਼ਮ ਸੋਮ ਨਾਥ ਦੀ ਹੋਈ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਇਸ ਮੌਕੇ ਜਥੇਬੰਦੀ ਦੀਆਂ ਮੰਗਾਂ ਨੂੰ ਲੈ ਕੇ ਆਗੂਆਂ ਵੱਲੋਂ ਸੂਬਾਈ ਕਮੇਟੀ ਵੱਲੋਂ ਦਿੱਤੇ ਸੰਘਰਸ਼ਾਂ ਦੇ ਪ੍ਰੋਗਰਾਮਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨਣ 'ਤੇ ਆਲੋਚਨਾ ਕੀਤੀ ਗਈ। ਪ੍ਰਧਾਨ ਰੇਸ਼ਮ ਲਾਲ ਮਾਨ, ਸਕੱਤਰ ਬਲਦੇਵ ਰਾਜ, ਗੁਰਬਚਨ ਚੰਦ ਅਤੇ ਅਮਰਦੀਪ ਤ੍ਰਿਖਾ ਸਮੇਤ ਹੋਰ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਮੁਲਾਜ਼ਮਾਂ ਦਾ 200 ਰੁਪਏ ਡਿਵੈਲਪਮੈਂਟ ਫੰਡ ਕੱਟ ਕੇ ਮੁਲਾਜ਼ਮਾਂ ਨੂੰ ਸਰਕਾਰ ਖਿਲਾਫ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਨੈਸ਼ਨਲ ਸਕੀਮ ਸ਼ੁਰੂ ਕਰੇ, ਪੀ ਪੀ ਓ ਜਾਰੀ ਕਰੇ, ਸੇਵਾ ਮੁਕਤ ਮੁਲਾਜ਼ਮਾਂ ਨੂੰ ਯੂਨਿਟਾਂ ਤੇ ਰਿਆਇਤਾਂ ਨਾ ਦੇਣ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਸਰਕਾਰ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ, 23 ਸਾਲਾ ਇੰਕਰੀਮੈਂਟ, ਕੈਸ਼ਲੈਸ ਇਲਾਜ ਸਕੀਮ, ਡੀ ਏ ਕਿਸ਼ਤਾਂ ਸਮੇਤ ਮੰਗਾਂ ਤੁਰੰਤ ਮੰਨੇ। ਉਨ੍ਹਾਂ ਕਿਹਾ ਕਿਹਾ ਕਿ ਜੇਕਰ ਸਰਕਾਰ ਮੰਗਾਂ ਨੂੰ ਮੰਨਣ ਵਿੱਚ ਟਾਲਮਟੋਲ ਕਰੇਗੀ ਤਾਂ ਸੂਬਾਈ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਜਥੇਬੰਦੀ ਵੱਲੋਂ ਮੈਂਬਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਬਿਜਲੀ ਬਿੱਲ ਸੋਧ 2022 ਦੇ ਲਿਆਂਦੇ ਜਾਣ ਦੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਇਹ ਬਿੱਲ ਵੱਡੇ ਵੱਡੇ ਧਨਾਢ ਲੋਕਾਂ ਨੂੰ ਫਾਇਦਾ ਪਹੁੰਚਾਉਣ ਦੇ ਮੰਤਵ ਨਾਲ ਲਿਆਂਦਾ ਜਾ ਰਿਹਾ ਹੈ। ਇਸ ਮੌਕੇ ਜਸਵੀਰ ਸਿੰਘ, ਰਾਮ ਸਰਨ, ਰਣਜੀਤ ਸਿੰਘ, ਮਹਾਰਾਜ ਦੀਨ, ਕੈਲਾਸ਼ ਚੰਦਰ, ਅਵਤਾਰ ਸਿੰਘ ਸੇਵਾ ਮੁਕਤ ਜੇ ਈ, ਬ੍ਰਿਜ ਮੋਹਨ, ਨਿਰੰਜਣ ਸਿੰਘ, ਮਾਹੀਲਾਲ, ਕਿਰਨਾ ਦੇਵੀ, ਰਵਿੰਦਰ ਕੌਰ ਆਦਿ ਆਗੂ ਹਾਜ਼ਰ ਸਨ।

'ਮੇਰੀ ਮਾਟੀ ਮੇਰਾ ਦੇਸ' ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਮਾਜਰਾ ਵਿਖੇ ਪੌਦੇ ਲਗਾਏ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੇਬੀ)- ਵਾਤਾਵਰਣ ਨੂੰ ਸਾਫ-ਸੁਥਰਾ ਅਤੇ ਹਰਿਆ ਭਰਿਆ ਰੱਖਣ ਲਈ 'ਮੇਰੀ ਮਾਟੀ ਮੇਰਾ ਦੇਸ਼' ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਮਾਜਰਾ ਵਿੱਚ ਵੱਖ-ਵੱਖ ਖਾਲੀ ਥਾਵਾਂ 'ਤੇ 35 ਛਾਂਦਾਰ ਅਤੇ ਫਲਦਾਰ ਬੂਟੇ ਲਗਾਏ ਗਏ। ਇਸ ਮੌਕੇ ਬਲਾਕ ਸਿੱਖਿਆ ਅਫਸਰ ਦਵਿੰਦਰਪਾਲ ਸਿੰਘ ਬੇਦੀ ਨੇ ਸਕੂਲ ਵਿਦਿਆਰਥੀਆਂ ਨੂੰ 'ਹਰ ਮਨੁੱਖ ਲਾਵੇ ਇੱਕ ਰੁੱਖ' ਵਿਸ਼ੇ ਬਾਰੇ ਗੱਲ ਕਰਦਿਆਂ ਕਿਹਾ ਕਿ ਕੇਵਲ ਰੁੱਖ ਲਗਾਉਣਾ ਹੀ ਸਾਡਾ ਫਰਜ ਨਹੀਂ ਸਗੋਂ ਲਗਾਏ ਗਏ ਪੌਦੇ ਦੀ ਸੰਭਾਲ ਕਰਨਾ ਵੀ ਬਹੁਤ ਜਰੂਰੀ ਹੈ। ਸਕੂਲ ਮੁੱਖ ਅਧਿਆਪਕ ਹਰਭਜਨ ਸਿੰਘ ਨੇ ਕਿਹਾ ਕਿ ਦੂਸ਼ਤਿ ਹੋ ਰਹੇ ਵਾਤਾਵਰਣ ਨੂੰ ਬਚਾਉਣ ਲਈ ਸਾਨੂੰ ਆਪਣੇ ਆਲੇ-ਦੁਆਲੇ ਖਾਲੀ ਪਈਆਂ ਥਾਵਾਂ 'ਤੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਅਤੇ ਬਾਅਦ ਵਿੱਚ ਉਨ੍ਹਾਂ ਦੀ ਦੇਖਭਾਲ ਕਰਕੇ ਵੱਡੇ ਰੁੱਖ ਬਣਾ ਕੇ ਸਾਨੂੰ ਦੂਸ਼ਤਿ ਹੋਏ ਵਾਤਾਵਰਣ ਦੀ ਸ਼ੁੱਧਤਾ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਸਕੂਲ ਅਧਿਆਪਿਕਾ ਸੰਗੀਤਾ ਰਾਣੀ, ਸਤਵਿੰਦਰ ਕੌਰ ਅਤੇ ਕਸ਼ਿਸ਼ ਨੇ ਵਿਦਿਆਰਥੀਆਂ ਨੂੰ ਸਮੂਹਿਕ ਰੂਪ ਵਿੱਚ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣ ਲਈ ਸਹੁੰ ਚੁਕਾਈ। ਇਸ ਦੌਰਾਨ ਅਧਿਆਪਕ ਰਾਜਵੀਰ ਸਿੰਘ ਚੌਤਾ,ਕੁਲਵਿੰਦਰ ਕੌਰ,ਬਲਵਿੰਦਰ ਸਿੰਘ,ਸੁਰਿੰਦਰਪਾਲ ਸਿੰਘ,ਨਿਸ਼ਾ ਅਤੇ ਹਰਪਾਲ ਕੌਰ ਆਦਿ ਹਾਜਰ ਸਨ।

ਪੁਲਸ ਵੱਲੋਂ ਵਾਹਨਾਂ ਦੀ ਚੈਕਿੰਗ

ਅੱਡਾ ਸਰਾਂ (ਜਸਵੀਰ ਕਾਜਲ)-ਇਥੋਂ ਦੇ ਪੁਲਸ ਚੌਕੀ ਇੰਚਾਰਜ ਏ ਐਸ ਆਈ ਰਾਕੇਸ਼ ਕੁਮਾਰ, ਏ ਐਸ ਆਈ ਗੁਰਮੀਤ ਸਿੰਘ, ਏ ਐਸ ਆਈ ਜਗਜੀਤ ਸਿੰਘ ਅਤੇ ਰਣਜੀਤ ਸਿੰਘ ਆਦਿ ਪੁਲਸ ਪਾਰਟੀ ਵੱਲੋਂ ਅੱਡਾ ਸਰਾਂ ਵਿਖੇ 15 ਅਗਸਤ ਦੇ ਮੱਦੇਨਜਰ ਮੋਟਰਸਾਈਕਲਾਂ, ਕਾਰਾਂ, ਗੱਡੀਆਂ ਆਦਿ ਵਾਹਨਾਂ ਦੀ ਚੈਕਿੰਗ ਕੀਤੀ ਤਾਂ ਜੋ ਕੋਈ ਵੀ ਸ਼ਰਾਰਤੀ ਅਨਸਰ ਅਣਸੁਖਾਵੀਂ ਘਟਨਾ ਨੂੰ ਅੰਜਾਮ ਨਾ ਦੇ ਸਕੇ ਅਤੇ ਇਲਾਕੇ ਵਿੱਚ ਅਮਨ ਸ਼ਾਂਤੀ, ਕਾਨੂੰਨ ਦੀ ਵਿਵਸਥਾ ਨੂੰ ਬਹਾਲ ਰੱਖਿਆ ਜਾ ਸਕੇ।

ਗਗਨਦੀਪ ਸਿੰਘ ਬਾਰ ਕੌਂਸਲ ਦੇ ਕੋ- ਓਪਟੇਡ ਮੈਂਬਰ ਨਿਯੁਕਤ

ਮੋਹਾਲੀ (ਗੁਰਜੀਤ ਬਿੱਲਾ)-ਬਾਰ ਐਸੋਸੀਏਸ਼ਨ ਮੋਹਾਲੀ ਦੇ ਵਕੀਲ ਗਗਨਦੀਪ ਸਿੰਘ ਨੂੰ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਦਾ ਕੋ- ਓਪਟੇਡ ਮੈਂਬਰ ਨਿਯੁਕਤ ਕੀਤਾ ਗਿਆ। ਇਹ ਜ਼ੌਮੇਵਾਰੀ ਵਕੀਲ ਚੌਧਰੀ ਕਰਮਜੀਤ ਸਿੰਘ ਜੋ ਕਿ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਦੇ ਕੋ- ਚੇਅਰਮੈਨ ਹਨ, ਵੱਲੋਂ ਦਿੱਤੀ ਗਈ ਹੈ। ਇਸ ਮੌਕੇ 'ਤੇ ਬਾਰ ਐਸੋਸੀਏਸ਼ਨ ਮੋਹਾਲੀ ਦੇ ਵੱਡੀ ਗਿਣਤੀ ਵਿਚ ਵਕੀਲ ਹਾਜ਼ਰ ਸਨ ਅਤੇ ਗਗਨਦੀਪ ਸਿੰਘ ਅਤੇ ਸਮੂਹ ਵਕੀਲਾਂ ਵੱਲੋਂ ਚੌਧਰੀ ਕਰਮਜੀਤ ਸਿੰਘ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬਾਰ ਐਸੋਸੀਏਸ਼ਨ ਮੋਹਾਲੀ ਦੇ ਸਾਬਕਾ ਪ੍ਰਧਾਨ ਸਨੇਹਪ੍ਰੀਤ ਸਿੰਘ , ਐਚ. ਐਸ ਹੁੰਦਲ , ਗੁਰਪ੍ਰੀਤ ਸਿੰਘ , ਗੁਰਵਿੰਦਰ ਸਿੰਘ ਔਲਖ , ਰਾਕੇਸ਼ ਸ਼ਰਮਾ , ਜਸਪਾਲ ਸਿੰਘ , ਪੀ ਐਸ ਗਿੱਲ , ਹਰਪ੍ਰੀਤ ਸਿੰਘ, ਜਸਪਾਲ ਸਿੰਘ ਦੱਪਰ , ਸੁਖਚੈਨ ਸਿੰਘ , ਮੈਡਮ ਰਿਤੂ ਜੋਸ਼ੀ , ਗੀਤਾਂਜਲੀ ਬਾਲੀ , ਸਰਮੀਤ ਕੌਰ ਕੰਬੋਜ , ਅਮਨਦੀਪ ਕੌਰ ਸੋਹੀ ਅਤੇ ਹੋਰ ਵਕੀਲ ਹਾਜ਼ਰ ਸਨ।

ਕਮਲਾ ਨਹਿਰੂ ਕਾਲਜ ਫਾਰ ਵੂਮੈਨ ਨੇ ਮਨਾਇਆ 'ਰਾਸ਼ਟਰੀ ਲਾਇਬ੍ਰੇਰੀਅਨ ਦਿਵਸ'

ਫਗਵਾੜਾ (ਡਾ. ਰਮਨ ਸ਼ਰਮਾ) ਕਮਲਾ ਨਹਿਰੂ ਕਾਲਜ ਫਾਰ ਵੂਮੈਨ, ਫਗਵਾੜਾ ਨੇ ਕਾਲਜ ਪ੍ਰਿੰਸੀਪਲ ਦੀ ਅਗਵਾਈ ਹੇਠ 'ਰਾਸ਼ਟਰੀ ਲਾਇਬ੍ਰੇਰੀਅਨ ਦਿਵਸ' ਮਨਾਇਆ। ਐਮ.ਕਾਮ ਸਮੈਸਟਰ ਪਹਿਲੇ ਦੇ ਵਿਦਿਆਰਥੀ ਜਸਕਰਨ ਨੇ ਪੀ.ਪੀ.ਟੀ ਰਾਹੀਂ ਲਾਇਬ੍ਰੇਰੀ ਦੀ ਮਹੱਤਤਾ ਬਾਰੇ ਦੱਸਿਆ। ਸ੍ਰੀਮਤੀ ਰੂਬੀ, ਲਾਇਬ੍ਰੇਰੀ ਇੰਚਾਰਜ ਨੇ ਵਿਦਿਆਰਥੀਆਂ ਨੂੰ ਕਾਲਜ ਦੁਆਰਾ ਸਿੱਖਣ ਦੇ ਮੌਕੇ ਪੈਦਾ ਕਰਨ ਅਤੇ ਸਿੱਖਿਆ ਨੂੰ ਸਮਰਥਨ ਦੇਣ ਲਈ ਪ੍ਰਦਾਨ ਕੀਤੇ ਸਰੋਤਾਂ ਅਤੇ ਸਹੂਲਤਾਂ ਬਾਰੇ ਜਾਣੂ ਕਰਵਾਇਆ। ਕਾਲਜ ਪ੍ਰਿੰਸੀਪਲ ਡਾ: ਸਵਿੰਦਰ ਪਾਲ ਨੇ ਦੱਸਿਆ ਕਿ ਲਾਇਬ੍ਰੇਰੀ ਵੱਖ-ਵੱਖ ਤਰ੍ਹਾਂ ਦੀਆਂ ਪੁਸਤਕਾਂ ਅਤੇ ਹੋਰ ਪੜ੍ਹਨ ਸਮੱਗਰੀ ਦਾ ਇੱਕ ਵੱਡਾ ਭੰਡਾਰ ਇੱਕੋ ਥਾਂ 'ਤੇ ਉਪਲਬਧ ਕਰਵਾਉਂਦੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦਾ ਦੌਰਾ ਕਰਨ ਦਾ ਸੱਦਾ ਵੀ ਦਿੱਤਾ ਕਿਉਂਕਿ ਪੁਸਤਕਾਂ ਚੰਗੀ ਸਾਥੀ ਹੁੰਦੀਆਂ ਹਨ।

ਸਾਬਕਾ ਮੰਤਰੀ ਚੌਧਰੀ ਮਿਆਣੀ ਦਾ ਅਮਰੀਕਾ 'ਚ ਭਰਵਾਂ ਸਵਾਗਤ ਹੋਇਆ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸਾਬਕਾ ਮੰਤਰੀ ਪੰਜਾਬ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਚੌਧਰੀ ਬਲਵੀਰ ਸਿੰਘ ਮਿਆਣੀ ਦਾ ਅਮਰੀਕਾ ਦੌਰਾ ਕਰਨ ਮੌਕੇ ਉੱਥੋਂ ਦੇ ਉਘੇ ਬਿਜਨਸਮੈਨ ਜਰਨੈਲ ਸਿੰਘ ਦੇ ਪੈਲੇਸ ਰਿਚੀ ਰਿੱਚ ਪੈਲੇਸ ਨਿਊਯਾਰਕ ਅਮਰੀਕਾ ਪਹੁੰਚਣ ਤੇ ਉੱਥੋਂ ਦੀਆਂ ਉੱਘੀਆਂ ਸਮਾਜ ਸੇਵੀ ਸੰਸਥਾਵਾਂ ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰ ਸੋਸਾਇਟੀ ਨਿਊਯਾਰਕ ,ਗੁਰੂਦਵਾਰਾ ਸਿੱਖ ਕਲਚਰ ਸੁਸਾਇਟੀ ਨਿਊਯਾਰਕ , ਗੁਰੂਦੁਆਰਾ ਬਾਬਾ ਮੱਖਣ ਸਾਹ ਲੁਬਾਣਾ ਨਿਊਯਾਰਕ , ਮਿੰਨੀ ਵੈਲਫੇਅਰ ਸੋਸਾਇਟੀ ਨਿਊਯਾਰਕ , ਸੱਲਾਂ ਵੈਲਫੇਅਰ ਸੁਸਾਇਟੀ ਨਿਊਯਾਰਕ , ਗੁਰੂ ਰਾਮਦਾਸ ਸੁਸਾਇਟੀ ਨਿਊਯਾਰਕ ਵਲੋਂ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ । ਇਸ ਮੌਕੇ ਚੌਧਰੀ ਬਲਬੀਰ ਮਿ

13-August-PAGE-8-Majha.qxd 8/12/2023 10:53 PM Page 1

ਭਾਕਿਯੂ (ਅ) ਨੇ ਰਾਸ਼ਟਰਪਤੀ ਦੇ ਨਾਂਅ ਐੱਸਡੀਐੱਮ ਭਿੱਖੀਵਿੰਡ ਨੂੰ ਸੌਂਪਿਆ ਮੰਗ ਪੱਤਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਾਰਤੀ ਕਿਸਾਨ ਯੂਨੀਅਨ (ਅੰਬਾਵਤਾ) ਦੇ ਆਗੂਆਂ ਵੱਲੋਂ ਜ਼ਿਲ੍ਹਾ ਤਰਨ ਤਾਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਦੀ ਅਗਵਾਈ ਹੇਠ ਕਿਸਾਨੀ ਮੰਗਾਂ ਸਬੰਧੀ ਮਾਣਯੋਗ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਨਾਂਅ ਐੱਸਡੀਐੱਮ ਭਿੱਖੀਵਿੰਡ ਨੂੰ ਮੰਗ ਪੱਤਰ ਸੌਂਪਿਆ ਗਿਆ। ਜਥੇਬੰਦੀ ਦੇ ਆਗੂਆਂ ਅਨੁਸਾਰ ਮੰਗ ਪੱਤਰ 'ਚ ਦੇਸ਼ ਨੂੰ ਕਾਰਪੋਰੇਟ ਘਰਾਣਿਆਂ ਦੀ ਪਕੜ 'ਚੋਂ ਬਾਹਰ ਕੱਢਣ ਅਤੇ ਕਿਸਾਨ ਪੱਖੀ ਨੀਤੀਆਂ ਲਿਆਉਣ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਕਿਹਾ ਕਿ ਮਿਤੀ 9 ਅਗਸਤ 1942 ਨੂੰ ਮਹਾਤਮਾ ਗਾਂਧੀ ਦੁਆਰਾ 'ਭਾਰਤ ਛੱਡੋ ਅੰਦੋਲਨ' ਸ਼ੁਰੂ ਕੀਤਾ ਗਿਆ ਸੀ, ਜਿਸ ਵਿੱਚ ਭਾਰਤ 'ਚ ਬ੍ਰਿਟਿਸ਼ ਸ਼ਾਸਨ ਦੇ ਅੰਤ ਦੀ ਮੰਗ ਕੀਤੀ ਗਈ ਸੀ। ਕੰਬੋਕੇ ਨੇ ਕਿਹਾ ਕਿ ਉਸ ਵਕਤ ਦੇ ਹਾਲਾਤ ਨੂੰ ਦੇਖਦਿਆਂ ਹੋਇਆਂ ਮਹਾਤਮਾ ਗਾਂਧੀ ਨੇ 'ਕਰੋ ਜਾਂ ਮਰੋ' ਦਾ ਸੱਦਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅੱਜ ਕੇਂਦਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੇ ਦੇਸ਼ ਦੇ ਕਿਸਾਨਾਂ ਨੂੰ ਕਰੋ ਜਾਂ ਮਰੋ ਵਾਲੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਉਨ੍ਹਾਂ ਕਿਹਾ ਕਿ 'ਅੱਛੇ ਦਿਨ ਆਏਂਗੇ' ਦਾ ਨਾਅਰਾ ਬੁਲੰਦ ਕਰਨ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ, ਗਰੀਬਾਂ, ਨੌਜਵਾਨਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਦੀ ਬਜਾਏ ਸਭ ਕੁਝ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਤੋਂ ਤੰਗ ਆ ਕੇ ਕਿਸਾਨਾਂ ਵੱਲੋਂ ਕਾਰਪੋਰੇਟ ਲੁਟੇਰੇ ਭਾਰਤ ਛੱਡੋ, ਖੇਤੀ ਛੱਡੋ ਦੀ ਮੰਗ ਕੀਤੀ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਕਿਸਾਨਾਂ ਨੂੰ ਖਤਮ ਕਰਨ ਲਈ ਜੰਗਲਾਂ, ਦਰਿਆਵਾਂ, ਖੇਤੀਯੋਗ ਜ਼ਮੀਨਾਂ ਉੱਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣਾ ਬੇਹੱਦ ਨਿੰਦਣਯੋਗ ਕਦਮ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਇਨ੍ਹਾਂ ਨੀਤੀਆਂ ਤੋਂ ਤੰਗ ਆ ਕੇ ਨੌਜਵਾਨ ਵਿਦੇਸ਼ਾਂ 'ਚ ਪ੍ਰਵਾਸੀ ਮਜ਼ਦੂਰ ਬਣ ਰਹੇ ਹਨ। ਉਨ੍ਹਾਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਤੋਂ ਮੰਗ ਕੀਤੀ ਕਿ ਕਿਸਾਨਾਂ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਲਈ ਚੰਗੀਆਂ ਨੀਤੀਆਂ ਬਣਾਈਆਂ ਜਾਣ ਅਤੇ ਸੰਸਥਾਵਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਚੁੰਗਲ 'ਚੋਂ ਛੁਡਾਇਆ ਜਾਵੇ।

ਵਰਣਨਯੋਗ ਹੈ ਕਿ ਐੱਸਡੀਐੱਮ ਭਿੱਖੀਵਿੰਡ ਵੱਲੋਂ ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੂੰ ਮੰਗ ਪੱਤਰ ਰਾਸ਼ਟਰਪਤੀ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਸਿੰਕਦਰ ਸਿੰਘ ਦਰਾਜਕੇ, ਰਾਜਾ ਦਰਾਜਕੇ, ਅਜੀਤ ਸਿੰਘ ਦਰਾਜਕੇ, ਬਲਜਿੰਦਰ ਸਿੰਘ ਪਹਿਲਵਾਨਕੇ, ਬਿਕਰਮਜੀਤ ਸਿੰਘ ਭਿੱਖੀਵਿੰਡ, ਸਤਨਾਮ ਸਿੰਘ ਕਾਲਾ ਅਮਰਕੋਟ ਆਦਿ ਆਗੂ ਹਾਜ਼ਰ ਸਨ।

ਕਿਰਤੋਵਾਲ ਕਲਾਂ ਦੇ ਆਮ ਆਦਮੀ ਕਲੀਨਿਕ 'ਚ ਮੁੜ ਚੋਰੀ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਇਸੇ ਵਰ੍ਹੇ 26 ਜਨਵਰੀ ਨੂੰ ਪਿੰਡ ਵਿਖੇ ਸਥਾਪਿਤ ਕੀਤੇ ਆਮ ਆਦਮੀ ਕਲੀਨਿਕ ਨੂੰ ਅਣਪਛਾਤਿਆਂ ਨੇ ਦੂਸਰੀ ਵਾਰ ਨਿਸ਼ਾਨਾ ਬਣਾ ਕੇ ਚੋਰੀ ਅਤੇ ਭੰਨਤੋੜ ਕੀਤੀ। ਇਸ ਤੋਂ ਪਹਿਲਾਂ 23 ਮਈ ਚੋਰਾਂ ਨੇ ਕਲੀਨਿਕ ਨੂੰ ਸੰਨ੍ਹ ਲਾ ਕੇ ਟੂਟੀਆਂ, ਦਵਾਈਆਂ, ਨਕਦੀ ਅਤੇ ਪੱਖੇ ਆਦਿ ਚੋਰੀ ਕੀਤੇ ਜਿਸ 'ਤੇ ਕਾਨੂੰਨੀ ਕਾਰਵਾਈ ਕਰਦਿਆਂ ਹਰੀਕੇ ਪੁਲਸ ਨੇ ਮੁਕੱਦਮਾ ਤਾਂ ਦਰਜ ਕਰ ਦਿੱਤਾ ਪਰ ਢਾਈ ਮਹੀਨਿਆਂ ਦੀ ਲੰਮੀ ਤਫਤੀਸ਼ ਦੇ ਬਾਵਜੂਦ ਪੁਲਸ ਕਿਸੇ ਨਤੀਜੇ 'ਤੇ ਨਹੀ ਪਹੁੰਚੀ।

ਤਾਜ਼ਾ ਮਾਮਲੇ 'ਚ ਅਣਪਛਾਤਿਆਂ ਨੇ ਕਲੀਨਿਕ ਦੀਆਂ ਰਹਿੰਦੀਆਂ ਟੂਟੀਆਂ ਖੋਲ੍ਹਣ ਦੇ ਨਾਲ-ਨਾਲ ਅਲਮਾਰੀ ਅਤੇ ਗੀਜ਼ਰ ਦੀ ਭੰਨਤੋੜ ਕੀਤੀ। ਇਥੇ ਹੀ ਬਸ ਨਹੀਂ, ਆਪ੍ਰੇਸ਼ਨ ਥੀਏਟਰ ਦੀ ਕੇਬਲ, ਬੱਚਿਆਂ ਦੇ ਚੈੱਕਅੱਪ ਔਜ਼ਾਰ, ਦਵਾਈਆਂ ਅਤੇ ਬਿਜਲਈ ਉਪਕਰਣ ਲੈ ਉਡੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡੀਕਲ ਅਫਸਰ ਸਿਮਰਨਪ੍ਰੀਤ ਕੌਰ ਅਤੇ ਫਾਰਮੇਸੀ ਅਫਸਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਕਲੀਨਿਕ ਨੂੰ ਵਾਰ ਵਾਰ ਨਿਸ਼ਾਨਾ ਬਣਾਉਣ ਕਾਰਨ ਸਟਾਫ ਅਤੇ ਮਰੀਜ਼ ਭਾਰੀ ਦਿੱਕਤਾਂ ਦਾ ਸਾਹਮਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਪਹਿਲੇ ਦਰਜ ਕੇਸ ਵਿੱਚ ਕੋਈ ਪ੍ਰਾਪਤੀ ਨਹੀਂ ਹੋ ਸਕੀ ਜਦਕਿ ਇਸ ਚੋਰੀ ਸਬੰਧੀ ਵੀ ਥਾਣਾ ਹਰੀਕੇ ਵਿਖੇ ਸ਼ਿਕਾਇਤ ਦਰਜ ਕਰਾ ਦਿੱਤੀ ਹੈ। ਉਧਰ ਥਾਣਾ ਹਰੀਕੇ ਦੇ ਮੁਖ ਅਫਸਰ ਐੱਸਆਈ ਕੇਵਲ ਸਿੰਘ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕ 'ਚ ਚੋਰੀ ਦੀ ਜਾਣਕਾਰੀ ਨਹੀਂ। ਉਨ੍ਹਾਂ ਕਿਹਾ ਕਿ ਦਰਖਾਸਤ ਮਿਲਣ ਉਪਰੰਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਦੀ ਜਾਵੇਗੀ।

ਇਨਕਲਾਬੀ ਆਗੂ ਭਗਵਾਨ ਸਿੰਘ ਅਣਖੀ ਨੂੰ ਯਾਦ ਕਰਦਿਆਂ

ਅਜਨਾਲਾ : 15 ਅਗਸਤ, 1991 ਨੂੰ ਨਿਧੜਕ, ਬੇਦਾਗ, ਅਣਖੀਲਾ, ਸਤਿਕਾਰਯੋਗ ਆਗੂ ਭਗਵਾਨ ਸਿੰਘ ਅਣਖੀ ਨਾਮੁਰਾਦ ਬਿਮਾਰੀ ਕਾਰਨ ਵਿਛੋੜਾ ਦੇ ਗਿਆ ਸੀ। ਉਨ੍ਹਾਂ ਦੇ ਵਿਛੋੜੇ ਨਾਲ ਬਿਜਲੀ ਮੁਲਾਜ਼ਮਾਂ ਨੂੰ ਹੀ ਨਹੀਂ ਸਗੋਂ ਕਿਰਤੀਆਂ ਨੂੰ ਹੁਣ ਤਕ ਇਕ ਨਾ ਪੂਰਾ ਹੋਣ ਵਾਲਾ ਘਾਟਾ ਮਹਿਸੂਸ ਹੁੰਦਾ ਜੋ ਸਦਾ ਹੁੰਦਾ ਹੀ ਰਹਿਣਾ। ਸਾਥੀ ਅਣਖੀ 29 ਜਨਵਰੀ 1941 ਨੂੰ ਪਿੰਡ ਖੇੜੀ ਚਹਿਲਾਂ ਜ਼ਿਲ੍ਹਾ ਸੰਗਰੂਰ ਵਿਖੇ ਮਾਤਾ ਹਮੀਰ ਕੌਰ ਦੀ ਕੁੱਖੋਂ ਪਿਤਾ ਪਾਲ ਸਿੰਘ ਦੇ ਘਰ ਪੈਦਾ ਹੋਇਆ ਸੀ। ਪਾਲਣ ਪੋਸਣ ਨਾਨਕਾ ਘਰ ਵਿਚ ਹੋਇਆ। ਦਸਵੀਂ ਤੱਕ ਵਿੱਦਿਆ ਸਰਕਾਰੀ ਸਕੂਲ ਸ਼ੇਰਪੁਰ ਜ਼ਿਲਾ ਸੰਗਰੂਰ ਤੋਂ ਪ੍ਰਾਪਤ ਕੀਤੀ। 1967 ਵਿੱਚ ਆਪ ਦੀ ਸ਼ਾਦੀ ਬੀਬੀ ਹਰਭਜਨ ਕੌਰ ਨਾਲ ਹੋਈ। ਉਨ੍ਹਾਂ ਦੀ ਰੁਚੀ ਮੁੱਢ ਤੋਂ ਹੀ ਟਰੇਡ ਯੂਨੀਅਨ ਵਿਚ ਸੀ। ਉਨ੍ਹਾਂ ਨੇ ਮਾਰਕਸ ਅਤੇ ਲੈਨਿਨ ਦੀਆਂ ਕਿਤਾਬਾਂ ਦਾ ਅਧਿਐਨ ਕੀਤਾ। ਉਹ ਬਿਜਲੀ ਕਰਮਚਾਰੀਆਂ ਦੀ ਜਥੇਬੰਦੀ ਤੋਂ ਇਲਾਵਾ ਹੋਰ ਭਰਾਤਰੀ ਜਥੇਬੰਦੀਆਂ ਨਾਲ ਰਲ ਕੇ ਕੰਮ ਕਰਦੇ ਸਨ ਅਤੇ ਇਸ ਕਾਰਨ ਕਈ ਵਾਰ ਜੇਲ੍ਹ ਯਾਤਰਾ ਵੀ ਕੀਤੀ। 1971 ਦੀ ਬਿਜਲੀ ਕਰਮਚਾਰੀਆਂ ਦੀ ਇਤਿਹਾਸਕ ਹੜਤਾਲ ਵਿਚ ਰਾਜਪੁਰੇ ਦੀ ਹਵਾਲਾਤ ਵਿਚ ਰਹੇ ਅਤੇ ਇੰਟੈਰੋਗੇਸ਼ਨ ਸੈਂਟਰ ਦੇ ਤਸੀਹੇ ਝੱਲੇ। ਸੰਘਰਸ਼ ਕਾਰਨ ਬਿਜਲੀ ਬੋਰਡ ਦੀ ਮੈਨੇਜਮੈਂਟ ਸੇਵਾ ਤੋਂ ਮੁਅੱਤਲ ਕਰ ਦਿਤਾ। ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਖਾਤਰ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ (ਏਟਕ) ਦੇ ਪਲੇਟਫਾਰਮ ਤੋਂ 15 ਦਸੰਬਰ 1988 ਨੂੰ ਸੂਬਾ ਪੱਧਰੀ ਹੜਤਾਲ ਦੀ ਅਗਵਾਈ ਕੀਤੀ। 1986 ਦੇ ਤਨਖਾਹ ਸਕੇਲ ਸੋਧਣ ਵਾਸਤੇ ਬਿਜਲੀ ਬੋਰਡ ਮੈਨਜਮੈਂਟ ਨਾਲ 1989 ਵਿਚ ਹੋਏ ਇਤਿਹਾਸਕ ਫੈਸਲੇ ਸਮੇਂ ਯੋਗ ਰੋਲ ਨਿਭਾਇਆ। ਜਥੇਬੰਦੀ ਵਿਚ ਕੰਮ ਕਰਦਿਆਂ ਉਨ੍ਹਾਂ ਦੀ ਸਿਹਤ ਅਚਾਨਕ ਖਰਾਬ ਹੋ ਗਈ ਜਿਸ ਕਾਰਨ ਉਨ੍ਹਾ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਜਿਥੇ ਉਨ੍ਹਾਂ ਦਾ ਵੱਡਾ ਅਪਰੇਸ਼ਨ ਹੋਇਆ। ਸ਼ੁਭਚਿੰਤਕਾਂ ਦੇ ਲੱਖ ਯਤਨਾਂ ਦੇ ਬਾਵਜੂਦ ਉਨ੍ਹਾਂ ਨੂੰ ਨਾਮੁਰਾਦ ਬਿਮਾਰੀ ਤੋਂ ਬਚਾਇਆ ਨਾ ਜਾ ਸਕਿਆ।

ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨ ਵਾਸਤੇ ਹਰ ਸਾਲ ਦਸੰਬਰ ਦੇ ਮਹੀਨੇ ਵਿਚ ਪਟਿਆਲਾ ਵਿਖੇ ਅਣਖੀ ਭਵਨ ਫੈਕਟਰੀ ਏਰੀਆ ਵਿਚ ਪੰਜਾਬ ਦੇ ਕੋਨੇ-ਕੋਨੇ ਤੋਂ ਸਬ ਡਵੀਜ਼ਨ ਪੱਧਰ ਸਰਕਲ ਕਮੇਟੀ ਪੰਜਾਬ ਕਮੇਟੀ ਦੇ ਮੈਂਬਰ ਅਤੇ ਹੋਰ ਸਰਗਰਮ ਮੈਂਬਰ ਇੱਕਠੇ ਹੋ ਕੇ ਸਾਲਾਨਾ ਬਰਸੀ ਮੌਕੇ ਉਨ੍ਹਾਂ ਨੂੰ ਯਾਦ ਕਰਦੇ ਹਨ। ਅੱਜ ਦੇ ਚੁਣੌਤੀ ਭਰੇ ਸਮੇਂ ਵਿਚ ਸਾਥੀ ਅਣਖੀ ਮੁੜ-ਮੁੜ ਯਾਦ ਆ ਰਹੇ ਹਨ। ਉਨ੍ਹਾਂ ਦੇ ਮਿਸਾਲੀ ਜੀਵਨ ਤੋਂ ਪ੍ਰੇਰਣਾ ਲੈ ਕੇ ਉਨ੍ਹਾਂ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਜੱਥੇਬੰਦੀ ਨੂੰ ਹੋਰ ਮਜ਼ਬੂਤ ਕਰੀਏ, ਇਹੀ ਸਾਥੀ ਜੀ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

- ਸੁਖਤਿੰਦਰ ਸਿੰਘ ਰਾਜੂ

ਆਜ਼ਾਦੀ ਦਿਹਾੜੇ ਬਾਬਤ ਤਹਿਸੀਲਦਾਰ ਖੁੱਲਰ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ

ਮਜੀਠਾ (ਸੋਇਮ ਆਨੰਦ)-ਦੇਸ਼ ਭਰ ਵਿੱਚ ਆਜ਼ਾਦੀ ਦਿਵਸ ਬੜੇ ਉਤਸ਼ਾਹ ਨਾਲ ਮਨਾਉਣ ਵਾਸਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਐੱਸਡੀਐੱਮ ਮਜੀਠਾ ਡਾ. ਹਰਨੂਰ ਕੌਰ ਢਿੱਲੋਂ ਦੀ ਨਿਗਰਾਨੀ ਹੇਠ ਤਹਿਸੀਲਦਾਰ ਰਤਨਜੀਤ ਖੁੱਲਰ ਵਲੋਂ ਮਜੀਠਾ ਤਹਿਸੀਲ ਦੇ ਮੀਟਿੰਗ ਹਾਲ 'ਚ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਸਕੂਲਾਂ ਦੇ ਪ੍ਰਬੰਧਕਾਂ ਨਾਲ ਆਜ਼ਾਦੀ ਦਿਹਾੜਾ ਮਨਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਤਹਿਸੀਲਦਾਰ ਰਤਨਜੀਤ ਖੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ 15 ਅਗਸਤ ਵਾਲੇ ਦਿਨ ਆਜ਼ਾਦੀ ਦਿਹਾੜਾ ਦਾਣਾ ਮੰਡੀ ਮਜੀਠਾ ਵਿਖੇ ਮਨਾਇਆ ਜਾ ਰਿਹਾ ਹੈ। ਇਹ ਦਿਹਾੜਾ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਉਣ ਵਾਸਤੇ ਵੱਖ-ਵੱਖ ਸਰਕਾਰੀ ਤੇ

ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਵਲੋਂ ਵਿਦਿਆਰਥੀਆਂ ਤੋਂ ਰਿਹਰਸਲਾਂ ਕਾਰਵਾਈਆ ਜਾ ਰਹੀਆਂ ਹਨ। ਇਸ ਦਿਹਾੜੇ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਵਾਸਤੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਤਹਿਸੀਲਦਾਰ ਖੁੱਲਰ ਨੇ ਦੱਸਿਆ ਕਿ ਤਿਰੰਗੇ ਝੰਡੇ ਨੂੰ ਲਹਿਰਾਉਣ ਦੀ ਰਸਮ ਐੱਸ ਡੀਐੱਮਮਜੀਠਾ ਡਾ. ਹਰਨੂਰ ਕੌਰ ਢਿੱਲੋਂ ਵੱਲੋਂ ਅਦਾ ਕੀਤੀ ਜਾਵੇਗੀ ਤੇ ਪੰਜਾਬ ਪੁਲਸ ਦੇ ਜਵਾਨ ਤਿਰੰਗੇ ਝੰਡੇ ਨੂੰ ਸਲਾਮੀ ਦੇਣਗੇ ਤੇ ਸਕੂਲੀ ਵਿਦਿਆਰਥੀ ਗਿੱਧਾ, ਭੰਗੜਾ ਸਮੇਤ ਹੋਰ ਵੰਨਗੀਆਂ ਪੇਸ਼ ਕਰਨਗੇ। ਇਸ ਮੌਕੇ ਗੰਡਰ ਵਰਿੰਦਰ ਭਾਟੀਆਂ, ਕਲਰਕ ਸ਼ਿਵ ਕੁਮਾਰ, ਐੱਸਡੀਓ ਸੁਖਜਿੰਦਰ ਸਿੰਘ, ਮਾਰਕੀਟ ਕਮੇਟੀ ਮਜੀਠਾ ਤੋਂ ਆਰ. ਏ. ਕੁਲਦੀਪ ਸਿੰਘ ਕਾਹਲੋਂ, ਪ੍ਰਿੰਸੀਪਲ ਜੋਗਾ ਸਿੰਘ ਅਠਵਾਲ, ਜੇਈ ਨਰਿੰਦਰ ਸਿੰਘ, ਐੱਸਡੀਓ ਗੁਰਪ੍ਰੀਤ ਸਿੰਘ, ਜੇਈ ਗੁਰਪ੍ਰੀਤ ਸਿੰਘ, ਸੁਖਜੀਤ ਸਿੰਘ, ਰਾਮ ਸਰੂਪ, ਅਮਰਪ੍ਰੀਤ ਸਿੰਘ, ਤੇਜਵਿੰਦਰ ਸਿੰਘ, ਬਲਵਿੰਦਰ ਕੌਰ, ਚੇਕੀ ਇੰਚਾਰਜ ਏਐੱਸਆਈ ਜਤਿੰਦਰਪਾਲ ਸਿੰਘ, ਹਰਪ੍ਰੀਤ ਕੌਰ, ਰਜੀਵ ਕੁਮਾਰ, ਅਮਰਦੀਪ ਸਿੰਘ, ਗੁਰਿੰਦਰ ਸਿੰਘ, ਹਰਵਿੰਦਰ ਸਿੰਘ, ਤਰਨਪ੍ਰੀਤ ਸਿੰਘ ਤੇ ਇਲਾਵਾ ਵੱਖ-ਵੱਖ ਵਿਭਾਗਾਂ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਯਾਦਗਾਰੀ ਹੋ ਨਿੱਬੜਿਆ ਧੰਨ-ਧੰਨ ਬਾਬਾ ਪੀਰ ਮੁਹੰਮਦ ਸ਼ਾਹ ਅਲੀ ਦਾ ਜੋੜ ਮੇਲਾ

ਮਸ਼ਹੂਰ ਪੰਜਾਬੀ ਗਾਇਕ ਮਾਸ਼ਾ ਅਲੀ ਨੇ ਆਪਣੇ ਗੀਤਾਂ ਰਾਹੀਂ ਦਰਕਸ਼ਾਂ ਨੂੰ ਕੀਤਾ ਮੰਤਰਮੁਗਧ

ਝਬਾਲ (ਹਰਜਿੰਦਰ ਸਿੰਘ ਸੋਨੀ)-ਸਰਹੱਦੀ ਪਿੰਡ ਭੁੱਸੇ ਵਿਖੇ ਹਰ ਸਾਲ ਦੀ ਤਰ੍ਹਾਂ ਧੰਨ-ਧੰਨ ਬਾਬਾ ਪੀਰ ਮੁਹੰਮਦ ਸ਼ਾਹ ਅਲੀ ਜੀ ਦਾ ਸਾਲਾਨਾ ਸਭਿਆਚਾਰਕ ਮੇਲਾ ਪਿੰਡ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਨੇ ਦੱਸਿਆ ਕਿ ਮੇਲੇ ਦੀਆਂ ਰੌਣਕਾਂ ਨੂੰ ਵਧਾਉਂਦਿਆਂ ਸਵੇਰ ਤੋਂ ਗਾਇਕ ਜੋੜੀ ਗੁਰਮੀਤ ਪੰਜਾਬੀ ਬੀਬਾ ਹੁਸਨਪ੍ਰੀਤ ਨੇ ਸੰਗਤਾਂ ਦਾ ਮਨੋਰੰਜਨ ਕੀਤਾ। ਉਪਰੰਤ ਪੰਜਾਬ ਦੇ ਨਾਮਵਰ ਕਲਾਕਾਰ ਮਾਸ਼ਾ ਅਲੀ ਨੇ ਆਪਣੇ ਗੀਤਾਂ ਰਾਹੀਂ ਸੰਗਤਾਂ ਨੂੰ ਕੀਲੀ ਰੱਖਿਆ। ਸ਼ਾਮ ਨੂੰ ਕਬੱਡੀ ਦਾ ਸ਼ੋਅ ਮੈਚ ਪਿੰਡ ਘਰਿਆਲਾ ਅਤੇ ਪਿੰਡ ਭੁੱਸੇ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ ਜਿਸ ਵਿੱਚ ਘਰਿਆਲਾ ਦੀ ਟੀਮ ਜੇਤੂ ਰਹੀ। ਸੰਗਤਾਂ ਲਈ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਵੱਖ-ਵੱਖ ਤਰ੍ਹਾਂ ਦਾ ਲੰਗਰ ਖੂਬ ਵਰਤਾਏ ਗਏ।

ਇਸ ਮੌਕੇ ਮਾਸਟਰ ਕਾਹਨ ਸਿੰਘ, ਗੁਲਵਿੰਦਰ ਸਿੰਘ, ਮਾਸਟਰ ਜਗਮੋਹਨ ਸਿੰਘ ਭੁੱਸੇ, ਨੰਬਰਦਾਰ ਰਣਜੀਤ ਸਿੰਘ, ਗੁਰਭਾਗ ਸਿੰਘ ਸੋਹਲ, ਗੁਰਜੀਤ ਸਿੰਘ ਨਿੱਝਰ, ਪੰਚਾਇਤ ਸੈਕਟਰੀ ਹਰਪ੍ਰੀਤ ਸਿੰਘ, ਦਲੇਰ ਸਿੰਘ, ਨਰਿੰਦਰ ਸਿੰਘ ਸੋਹਲ, ਜੋਬਨਜੀਤ ਸਿੰਘ ਸੋਹਲ, ਸੋਨਾ ਸਿੰਘ, ਮਲਕੀਤ ਸਿੰਘ, ਸਵਰਣ ਸਿੰਘ, ਡਾ. ਲਾਭਜੀਤ ਸਿੰਘ ਫੌਜੀ ਆਦਿ ਹਾਜ਼ਰ ਸਨ।

'ਮੇਰੀ ਮਿੱਟੀ-ਮੇਰਾ ਦੇਸ਼' ਮੁਹਿੰਮ ਤਹਿਤ ਸ਼ਹੀਦਾਂ ਦੇ ਪਰਿਵਾਰਾਂ ਨਾਲ ਮੁਲਾਕਾਤ

ਗੁਰਦਾਸਪੁਰ (ਜਨਕ ਮਹਾਜਨ)-ਭਾਜਪਾ ਦੀ ਭਾਰਤ ਸਰਕਾਰ ਵਲੋਂ 'ਮੇਰੀ ਮਿੱਟੀ ਤੇ ਮੇਰਾ ਦੇਸ਼' ਮੁਹਿੰਮ ਤਹਿਤ ਯੁਵਾ ਮੋਰਚਾ ਵਲੋਂ ਗੁਰਦਾਸਪੁਰ ਦੇ ਯੂਥ ਪ੍ਰਧਾਨ ਭਾਜਪਾ ਐਡਵੋਕੇਟ ਠਾਕਰ ਸ਼ਾਮ ਸਿੰਘ ਦੀ ਅਗਵਾਈ ਹੇਠ ਸ਼ਹੀਦਾਂ ਦੇ ਪਿੰਡ ਜਾ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁ

13-Aug-Sunday.qxd 8/12/2023 10:31 PM Page 1

ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

www.nawanzamana.in

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 13 ਅਗਸਤ 2023

ਕੀਮਤ 5.00 ਰੁਪਏ

ਉਹ ਦੁਨੀਆ ਦੇ ਬਾਜ਼ਾਰਾਂ ਵਿੱਚ
ਵਿਕੇ ਪਾਣੀ ਤੋਂ ਵੱਧ ਸਸਤੇ
ਜਿਨ੍ਹਾਂ ਦੀ ਯਾਦ ਵਿੱਚ ਬਹਿ ਕੇ
ਦਿਲਾਂ ਦਾ ਖ਼ੂਨ ਛਾਣੀਦਾ।

- ਸੁਖਵਿੰਦਰ ਅੰਮ੍ਰਿਤ

ਵਾਤਾਵਰਣ ਚੇਤਨਾ

ਵਿਜੈ ਬੰਬੇਲੀ

ਢਹਿ-ਢੇਰੀ ਹੁੰਦੇ ਪਹਾੜ ਕੁਦਰਤੀ ਵਰਤਾਰਾ ਜਾਂ ਮਾਨਵੀ ਕਾਰਾ

ਸਾਵੀਂ-ਪੱਧਰੀ ਜ਼ਿੰਦਗੀ ਬਸਰ ਕਰਨ ਲਈ ਮਿੱਟੀ-ਪਾਣੀ, ਹਵਾ-ਅਕਾਸ਼, ਜੰਗਲ-ਬੇਲੇ, ਦਰਿਆਵਾਂ ਸਮੇਤ ਪਹਾੜਾਂ ਅਰਥਾਤ ਸਰ-ਸਬਜ਼ ਪਹਾੜਾਂ ਦੀ ਵੀ ਓਨੀ ਹੀ ਲੋੜ ਹੈ, ਜਿੰਨੀ ਕੁੱਲੀ-ਗੁੱਲੀ-ਜੁੱਲੀ ਦੀ, ਪਰ ਅਸੀਂ ਪਹਾੜਾਂ ਦੀ ਮਹੱਤਤਾ, ਦੇਣ ਅਤੇ ਇਹਨਾਂ ਪ੍ਰਤੀ ਆਪਣੇ ਫਰਜ਼ਾਂ ਨੂੰ ਭੁੱਲ-ਭੁਲਾਅ ਗਏ ਹਾਂ।

ਪਹਾੜਾਂ ਦੀ ਅਪਾਰ ਕ੍ਰਿਪਾ ਭੁੱਲ ਅਸੀਂ ਇਹਨਾਂ ਨੂੰ ਮਹਿਜ਼ ਆਮਦਨ ਦੇ ਸਾਧਨ, ਸੈਰ-ਸਪਾਟੇ ਜਾਂ ਫਿਰ ਅਖੌਤੀ ਮਨੋਰੰਜਨ ਦੇ ਸਾਧਨ ਮਾਤਰ ਸਮਝ ਲਿਆ ਹੈ। ਇਹੀ ਸਾਡੀ ਖੱਜਰ ਗਲਤੀ ਹੈ। ਪਹਾੜ ਕੁਦਰਤ ਦਾ ਸਿਰਮੌਰ ਅੰਗ ਹਨ, ਸਾਡੇ ਮੂਕ-ਸੇਵਾਦਾਰ, ਪ੍ਰੰਤੂ ਜਦ ਇਹ ਸਾਡੀਆਂ ਕਰਤੂਤਾਂ ਕਾਰਨ ਰੁੱਸਦੇ ਹਨ, ਤਦ ਭੀਸ਼ਣ ਦੁਖਾਂਤ ਸਾਡੇ ਪੱਲੇ ਪੈਂਦੇ ਹਨ। ਵਿਰਾਟ ਰੂਪ ਧਾਰ ਇਹ ਕੁੱਢਰ-ਚਾਲੇ ਵਹਿ ਤੁਰਦੇ ਹਨ, ਲਾਲਚੀ ਨਿਜ਼ਾਮਾਂ ਅਤੇ ਬੇ-ਸਮਝ ਬੰਦੇ ਦਾ ਸਿਰਜਿਆ ਸਭ ਕੁੱਝ ਢਹਿ-ਢੇਰੀ ਕਰਨ।

ਪਹਾੜ; ਮਹਿਜ਼, ਮਿੱਟੀ ਦੇ ਢੇਰ ਨਹੀਂ ਹੁੰਦੇ। ਇਨ੍ਹਾਂ ਦਾ ਆਪਣਾ ਇੱਕ ਜੀਵੰਤ ਸੰਸਾਰ ਹੈ, ਬੇਹੱਦ ਸੂਖਮ ਅਤੇ ਜਟਿਲ। ਬਹੁਤ ਕੁੱਝ ਹੈ ਇਹਨਾ 'ਤੇ ਅਤੇ ਇਹਨਾਂ ਵਿੱਚ। ਜ਼ਰਖੇਜ਼ ਮਿੱਟੀ ਦੀਆਂ ਪਰਤਾਂ, ਬੇਸ਼-ਕੀਮਤੀ ਖਣਿਜ, ਵਿਲੱਖਣ ਜੀਵ-ਜੰਤੂ ਅਤੇ ਮਨ-ਭਾਉਂਦੇ ਜੰਗਲ-ਬੇਲੇ। ਕਿਤੇ-ਕਿਤੇ ਗਲੇਸ਼ੀਅਰ ਅਤੇ ਕਿਤੇ ਨਿਰੇ ਪਠਾਰ ਤੇ ਉੱਤਮ ਦ੍ਰਿਸ਼। ਜਿਹੜੇ ਰਲ-ਮਿਲ ਪੌਣ-ਪਾਣੀ, ਮਨੁੱਖੀ ਜ਼ਿੰਦਗੀ ਅਤੇ ਸੰਸਾਰ-ਤਰੱਕੀ ਵਿੱਚ ਅਹਿਮ ਰੋਲ ਨਿਭਾਉਂਦੇ ਹਨ।

ਲੰਘੇ ਦਿਨੀਂ, ਰਾਏਪੁਰ (ਮਹਾਂਰਾਸ਼ਟਰ) ਦੇ ਬਹਾਨੇ, ਪਹਾੜਾਂ ਦੇ ਖਿਸਕਣ (ਲੈਂਡ ਸਲਾਈਡਿੰਗ) ਜਾਂ ਢਹਿ-ਢੇਰੀ ਹੋਣ ਅਰਥਾਤ ਜਲ-ਸੈਲਾਬ ਦੀ ਬੜੀ ਚਰਚਾ ਹੋਈ। ਬੀਤੇ ਸਮਿਆਂ ਵਿੱਚ ਇਸ ਕਾਰਨ ਨੇਪਾਲ, ਉਤਰਾਖੰਡ ਤੇ ਹੁਣ ਮਹਾਂਰਾਸ਼ਟਰ ਅਤੇ ਹਿਮਾਚਲ 'ਚ ਵੱਡੇ ਕਹਿਰ ਵਾਪਰੇ ਹਨ, ਪਰ ਇਹ ਅਚਨਚੇਤ ਵਾਪਰਨ ਵਾਲਾ ਕੁਦਰਤੀ ਵਰਤਾਰਾ ਨਹੀਂ, ਜਿਵੇਂ ਬਹੁਤੇ ਸਮਝਦੇ ਹਨ ਅਤੇ ਨਾ ਹੀ ਕਿਸੇ ਕੁਲ-ਦੇਵਤੇ ਦੀ ਕਰੋਪੀ ਹੈ, ਜਿਵੇਂ ਸਰਲ-ਬਿਰਤੀ ਆਦਿ-ਕਬੀਲੇ ਸੋਚਦੇ ਹਨ। ਅਸਲ ਦੋਸ਼ੀ ਸਿਸਟਮ ਹੈ ਅਰਥਾਤ ਬੰਦਾ। ਕਿਵੇਂ ? ਲਓ ਸੁਣੋ :

ਮਨੁੱਖ, ਕੁਦਰਤ ਦੀ ਬੇਹਤਰੀਨ ਪੈਦਾਵਾਰ ਹੈ। ਇੱਕ ਲੰਬੀ ਕੁਦਰਤੀ ਕਿਰਿਆ-ਪ੍ਰਕਿਰਿਆ ਉਪਰੰਤ ਮਨੁੱਖ ਦੀ ਉਤਪਤੀ ਹੋਈ। ਪਹਿਲਾਂ; ਪਾਣੀ-ਮਿੱਟੀ-ਬਨਸਪਤੀ ਦੀ ਅਨੰਤ ਗਾਥਾ। ਫਿਰ ਸੂਖਮ ਜੀਵ ਤੋਂ ਵਰਾਸਤਾ ਜਾਨਵਰ-ਦਰ-ਜਾਨਵਰ, ਮਨੁੱਖ ਬਣਨ ਦਾ ਲੰਬਾ ਸਫਰ। ਜੰਗਲਾਂ, ਕੰਦਰਾਂ, ਗੁਫਾਵਾਂ, ਕੁੱਲੀਆਂ-ਢਾਰਿਆਂ ਤੋਂ ਸੁੱਖਾ-ਲੱਧੀਆਂ ਧੜਵੈਲ ਇਮਾਰਤਾਂ ਤੱਕ। ਗੋਲੀ, ਪਹੀਏ ਤੋਂ ਲੈ ਕੇ ਰਾਕਟ ਤੱਕ ਅਤੇ ਕੁਦਰਤੀ ਬਿਪਤਾਵਾਂ, ਮਹਾਂਮਾਰੀਆਂ ਦੇ ਦੌਰਾਂ ਤੋਂ ਵਿਗਿਆਨਕ ਸਹੂਲਤਾਂ ਤੱਕ। ਗੱਲ ਕੀ; ਹੁਣ ਵਾਲਾ "ਆਧੁਨਿਕ" ਮਨੁੱਖ ਮਗਰ ਲਖੂਖਾ ਸਾਲਾਂ ਦੀ ਘਾਲਣਾ ਹੈ। ਇਹ "ਰੱਬੀ" ਦੇਣ ਨਹੀਂ, ਕੁਦਰਤੀ ਕਿਰਿਆ-ਪ੍ਰਕਿਰਿਆ ਦੀ ਸਿਫਤੀ ਦੇਣ ਹੈ, ਪਰ ਇਸੇ ਮਨੁੱਖ ਨੇ ਆਪਣੀ ਜਨਮ ਦਾਤੀ ਕੁਦਰਤ ਵਿੱਚ ਖਲਲ ਪਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਮੋੜਵੇਂ ਰੂਪ ਵਿੱਚ ਇਸ ਦੇ ਭੈੜੇ ਸਿੱਟੇ ਨਿਕਲ ਰਹੇ ਹਨ।

ਜੰਗਲਾਂ, ਪਹਾੜਾਂ 'ਚ ਨਿਗੂਣੀਆਂ ਆਮਦਨਾਂ ਅਤੇ 'ਵਿਕਾਸ ਅਤੇ ਸੈਰ-ਸਪਾਟੇ' ਦੇ ਨਾਂਅ 'ਤੇ ਕੁਦਰਤੀ ਸਮਤੋਲ ਵਿਚ ਦਿੱਤਾ ਬੇ-ਲੋੜਾ ਦਖ਼ਲ ਪਹਾੜਾਂ ਨੂੰ ਢਹਿ-ਢੇਰੀ ਕਰਕੇ ਹਰ ਸਾਲ ਭੀਸ਼ਣ ਦੁਖਾਂਤ ਸਾਡੇ ਪੱਲੇ ਪਾਉਂਦਾ ਹੈ। ਉੱਤਰਾਖੰਡ, ਨੇਪਾਲ ਆਦਿ ਅਤੇ ਹਿਮਾਚਲ ਤੇ ਹੁਣ ਮਹਾਂਰਾਸ਼ਟਰ ਦੇ ਜਲ ਸੈਲਾਬ ਸਾਨੂੰ ਸਖ਼ਤ ਚਿਤਾਵਨੀ ਹਨ। ਜ਼ਿੰਦਗੀ ਦਾ ਲੁੱਤਫ ਮਾਨਣ ਲਈ ਮਹਿਜ਼ ਪੈਸਾ ਜਾਂ ਭੌਤਿਕ ਸਹੂਲਤਾਂ ਦੀ ਹੀ ਲੋੜ ਨਹੀਂ।

ਅਸੀਂ ਜੰਗਲਾਂ-ਪਹਾੜਾਂ 'ਚ ਪੈਟਰੋ-ਕੈਮੀਕਲਜ਼ ਅਤੇ ਪਲਾਸਟਿਕ ਲੈ ਵੜੇ ਹਾਂ, ਜਿਸ ਨੇ ਸਾਡੇ ਜਲ-ਸੋਮਿਆਂ ਗਲੇਸ਼ੀਅਰਾਂ ਨੂੰ ਵੀ ਨਿਗਲਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਹਕੂਮਤਾਂ ਅਤੇ ਧੰਨ-ਕੁਬੇਰੀ ਲਾਲਚਾਂ ਨੇ ਅਖੌਤੀ ਵਿਕਾਸ ਦੇ ਨਾਂਅ ਕੁਦਰਤ 'ਚ ਅਣਸਾਵੀਂ ਦਖ਼ਲ-ਅੰਦਾਜ਼ੀ ਕੀਤੀ ਹੋਈ ਹੈ, ਜਿਸ ਦੇ ਚੌਗਿਰਦੇ ਉਪਰ ਭੈੜਾ ਅਸਰ ਪ੍ਰਤੱਖ ਹਨ। ਧੰਨ-ਕੁਬੇਰਾਂ ਨੇ ਖਣਿਜ-ਪਦਾਰਥਾਂ ਅਤੇ ਉਸਾਰੀਆਂ ਹਿੱਤ ਜਿਵੇਂ ਪਹਾੜਾਂ ਨੂੰ ਖੋਖਲਾ ਕਰਨਾ ਸ਼ੁਰੂ ਕੀਤਾ ਹੋਇਆ ਹੈ, ਦਰ-ਅਸਲ ਇਹਨਾਂ ਸਭ ਦਾ ਹੀ ਮਾਰੂ ਸਿੱਟਾ ਹੈ ਪਹਾੜਾਂ ਦਾ ਢਹਿ-ਢੇਰੀ ਹੋਣਾ। ਹਾਕਮ ਜਮਾਤਾਂ ਭੁੱਲੀ ਬੈਠੀਆਂ ਹਨ ਕਿ ਕੁਦਰਤ ਅਤੇ ਵਾਤਾਵਰਣ ਨੂੰ ਉਲੰਘ ਕੇ ਕੀਤਾ ਗਿਆ ਕੋਈ ਵੀ 'ਵਿਕਾਸ' ਅੰਤ ਉਹਨਾਂ ਨੂੰ ਵੀ ਲੈ ਬੈਠੇਗਾ। ਪਹਾੜਾਂ ਦੀ ਕੱਟ-ਵੱਢ ਉਪਰੰਤ ਤਿੱਖੇ ਜਲ-ਭੌਂਖੋਰ ਉਪਰੰਤ ਰਾਏਗੜ੍ਹ (ਮਹਾਰਾਸ਼ਟਰ) ਅਤੇ ਹੁਣ ਹਿਮਾਚਲ ਦੇ ਦੁਖਾਂਤ ਸਾਡੇ ਵੇਲਿਆਂ ਦੀ ਇੱਕ ਹੋਰ ਚਿਤਾਵਨੀ ਹੈ।

ਮਿੱਟੀ ਸਿਰਜਣ ਅਤੇ ਪਹਾੜਾਂ ਨੂੰ ਜਕੜ-ਬੰਦ ਰੱਖਣ ਵਿੱਚ ਲਖੂਖਾਂ ਸਾਲਾਂ ਦੀ ਕੁਦਰਤੀ ਕਿਰਿਆ-ਪ੍ਰਕਿਰਿਆ ਅਤੇ ਬਨਸਪਤੀ ਦਾ ਵੱਡਾ ਯੋਗਦਾਨ ਹੈ। ਮਿੱਟੀ ਦੀ ਇਕ ਇੰਚ ਪਰਤ ਤਿਆਰ ਹੋਣ ਵਿਚ ਇਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤਨ ਜ਼ਰਖੇਜ਼ ਹੋਣ ਵਿੱਚ ਤਿੰਨ ਸਦੀਆਂ। ਪਹਾੜ ਵੀ ਅੰਬਰੋਂ ਨਹੀਂ ਸੀ ਡਿੱਗੇ, ਇਕ ਲੰਬੀ ਦਾਸਤਾਂ ਹੈ ਇਹਨਾਂ ਦੇ ਉਗਮਣ ਅਤੇ ਸਭ ਦੀ ਸਰਬ-ਸਾਂਝੀ ਮਾਲਕੀ ਦੀ। ਹਾਂ; ਇਹ ਸੂਖਮ ਰੂਪ 'ਚ ਵਹਿੰਦੇ ਵੀ ਹਨ। ਮੱਲੜ-ਮਿੱਟੀ ਦਾ ਸਹਿਜ ਰੂਪ 'ਚ ਵਹਿਣਾ ਕੁਦਰਤ ਅਤੇ ਮਨੁੱਖ ਪੱਖੀ ਹੈ।

ਕੁਦਰਤ ਦੁਆਰਾ ਜਾਂ ਕੁਦਰਤ ਵਿਰੋਧੀ ਮਨੁੱਖ ਵੱਲੋਂ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਕਾਰਨ ਧਰਤੀ ਖੁਰਚਿਆਂ ਜਾਣਾ ਭੌਂ-ਖੋਰ ਜਾਂ ਪਹਾੜਾਂ ਦਾ ਵਹਿਣਾ ਕਹਾਉਂਦਾ ਹੈ। ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ ਜਾਂ ਜੀਵਕ-ਗਤੀਵਿਧੀਆਂ ਦੁਆਰਾ ਆਪਣੀ ਮੂਲ ਥਾਂ ਤੋਂ ਦੂਜੀ ਥਾਂ ਜਾਣ ਨੂੰ ਭੌਂ-ਖੋਰ ਆਖਦੇ ਹਨ। ਸੀਮਤ ਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ, ਇਹ ਨੁਕਸਾਨਦਾਇਕ ਵੀ ਨਹੀਂ। ਕੁਦਰਤੀ ਜਾਂ ਬੰਦੇ ਦੀਆਂ ਲੋੜਾਂ ਕਾਰਨ ਇਹ ਅੱਗੇ ਵੀ ਜਾਰੀ ਰਹੇਗੀ। ਕੁਦਰਤੀ ਸਮਤੋਲ ਜਾਂ ਭੌਂ-ਖੋਰ ਰੋਕੂ ਕਾਰਜਾਂ ਤਹਿਤ ਇਹ ਸੀਮਤ ਅਤੇ ਕਹਿਣੇ ਵਿੱਚ ਹੁੰਦੀ ਸੀ, ਪਰ ਹੁਣ ਅਜਿਹਾ ਨਹੀਂ ਹੈ।

ਭੂਮੀ ਖੋਰ ਦੋ ਕਿਸਮ ਦਾ ਹੁੰਦਾ ਹੈ, ਸਹਿਜ (ਕੁਦਰਤੀ) ਅਤੇ ਵਧਿਆ ਹੋਇਆ (ਮਨੁੱਖੀ ਆਪ-ਹੁਦਰੀਆਂ ਕਾਰਨ)। ਜਦੋਂ ਭੂਮੀ ਖਾਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸ ਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ ਪ੍ਰੰਤੂ ਇਹ ਉਸੇ ਸਥਿਤੀ ਵਿਚ ਹੁੰਦਾ ਹੈ, ਜਦ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ। ਮਨੁੱਖੀ ਲੋੜਾਂ ਪਰ ਬੇਲਗਾਮ ਹਿਰਸਾ ਕਾਰਨ ਭੂਮੀ ਨੰਗਾ-ਧੜੰਗੀ ਅਤੇ ਖੋਖਲੀ ਕਰ ਦਿੱਤੀ ਗਈ ਹੈ।

ਪਹਿਲੀ ਸਟੇਜ ਵਿਚ ਜਦ ਮੀਂਹ ਦੀਆਂ ਬੂੰਦਾਂ ਨੰਗੀ ਧਰਤੀ 'ਤੇ ਪੈਂਦੀਆਂ ਹਨ ਤਾਂ ਇਹ ਭੂਮੀ ਕਣਾਂ ਨੂੰ ਨਿਖੇੜ ਕੇ 2 ਤੋਂ 5 ਫੁੱਟ ਦੀ ਦੂਰੀ 'ਤੇ ਲਿਜਾ ਕੇ ਸੁੱਟ ਦਿੰਦੀਆਂ ਹਨ। ਦੂਸਰੀ ਸਟੇਜ ਉੱਤੇ ਇਹ ਕਣ ਵਹਿ ਕੇ ਜਾਂ ਧਰਤੀ ਉਪਰਲੀ ਮਹੀਨ ਪਰਤ ਧੋਹ ਹੋ ਵਹਿ ਤੁਰਦੀ ਹੈ। ਇਸ ਬਾਰੀਕ ਪਰਤ ਦੀ ਖੁਰਚਾਈ ਦਿਸਦੀ ਨਹੀਂ, ਪ੍ਰੰਤੂ ਇੱਕ-ਅੱਧੇ ਦਹਾਕੇ ਬਾਅਦ ਇਸ ਦੀ ਘਾਟ ਰੜਕਣ ਲੱਗ ਪੈਂਦੀ ਹੈ। ਇਸ ਤੋਂ ਅਗਲਾ ਕਦਮ, ਧਾਰਾਵੀਂ ਖੋਰ (ਰਿਲ ਇਰੋਜਨ) ਹੁੰਦੀ ਹੈ, ਜਦ ਧਰਤੀ ਉੱਤੇ ਪੰਜਿਆਂ ਵਰਗੀਆਂ ਧਾਰਾਵਾਂ ਬਣ ਜਾਂਦੀਆਂ ਹਨ। ਪਾਣੀ ਦਾ ਲਗਾਤਾਰ ਵਹਿਣ ਉਂਗਲਾਂ ਵਰਗੀਆਂ ਨਾਲੀਆਂ ਉਸਾਰ ਕੇ ਭੌਂ-ਖੋਰ ਕਰਦਾ ਹੈ, ਜਿਸ ਨਾਲ ਉਪਜਾਊ ਪਰਤਾਂ ਰੁੜ੍ਹ ਜਾਂਦੀਆਂ ਹਨ। ਤੀਜੀ ਧਾਰਾ ਚੋਈਆਂ ਦੀ ਉਸਾਰ ਹੁੰਦੀ ਹੈ। ਪਾਣੀ ਦੀ ਤੇਜ਼ ਗਤੀ ਦੋ ਕੁ ਸਾਲਾਂ 'ਚ ਹੀ ਚੋਈਆਂ (ਨਾਲੀਆਂ) ਦੀ ਉਸਾਰੀ ਕਰ ਦਿੰਦੀ ਹੈ।ਇਸ ਤੋਂ ਅਗਾਂਹ ਖੁਰ ਕੇ ਚੌੜੀਆਂ ਤੇ ਡੂੰਘੀਆਂ ਖੱਡਾਂ-ਖਾਈਆਂ ਬਣ ਜਾਂਦੀਆਂ ਹਨ। ਬਰਫਾਨੀ, ਹਵਾਈ ਤੇ ਢਿੱਗਾਂ ਡਿੱਗਣ ਵਾਲੀਆਂ ਹੋਰ ਵੀ ਕਈ ਕਿਸਮਾਂ ਭੂਮੀ ਖੋਰ ਦੀਆਂ ਸ਼ਕਲਾਂ ਹਨ, ਪ੍ਰੰਤੂ ਡੂੰਘੀਆਂ ਖਾਈਆਂ ਇਸ ਦਾ ਵਿਰਾਟ ਰੂਪ ਹਨ, ਜਿਹੜਾ ਪਰਬਤਾਂ ਅਤੇ ਉਥੇ ਵੱਸਦੇ ਲੋਕਾਂ ਨੂੰ ਵੀ ਲੈ ਬਹਿੰਦਾ ਹੈ।

ਨੰਗੀ, ਖੋਖਲੀ ਅਤੇ ਤਿੱਖੀ ਢਾਲੂ ਜ਼ਮੀਨ 'ਤੇ ਪਾਣੀ ਦੀ ਮਹਿਜ਼ ਦੁੱਗਣੀ ਗਤੀ ਹੀ ਚੌਗੁਣੀ ਕੱਟ-ਵੱਢ, ਭਾਰ ਚੁੱਕਣ ਦੀ ਸਮਰੱਥਾ 32 ਅਤੇ ਧੱਕਾ ਦੇਣ ਦੀ ਸ਼ਕਤੀ 64 ਗੁਣਾ ਅਖਤਿਆਰ ਕਰ ਲੈਂਦੀ ਹੈ। ਵੀਰਾਨ, ਨੰਗ-ਧੜੰਗੀ ਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਬਨਸਪਤੀ ਦੀਆਂ ਜੜ੍ਹਾਂ ਅਤੇ ਰੋਕਾਂ ਹੀ ਸਾਡੀ ਮਿੱਟੀ ਨੂੰ ਰੁੜ੍ਹਨੋਂ-ਉੜਨੋਂ ਬਚਾਉਂਦੀਆਂ ਹਨ। ਜੇ ਇਕ ਹੈਕਟੇਅਰ ਵਿੱਚੋਂ ਹਰ ਵਰ੍ਹੇ ਇਕ ਘਣਮੀਟਰ ਮਿੱਟੀ ਰੁੜ੍ਹਦੀ ਰਹੇ ਅਤੇ ਇਹ ਕਿਰਿਆ ਇਕ ਪੀੜ੍ਹੀ (25 ਵਰ੍ਹੇ) ਜਾਰੀ ਰਹੇ ਤਾਂ ਇਕ ਫੁੱਟ ਉੱਤਲੀ ਪਰਤ ਰੁੜ੍ਹ-ਖੁਰ ਸਮੁੰਦਰਾਂ ਪੇਟੇ ਜਾ ਪਵੇਗੀ। ਦਰਅਸਲ, ਹੁਣ ਭੂਮੀ ਅਤੇ ਜੰਗਲਾਂ-ਪਹਾੜਾਂ ਦੀ ਵਰਤੋਂ ਉਸ ਦੀ ਯੋਗਤਾ ਅਤੇ ਕੁਦਰਤੀ ਸਮਤੋਲ ਦੇ ਮੱਦੇ-ਨਜ਼ਰ ਨਹੀਂ ਹੋ ਰਹੀ, ਜਿਸ ਕਾਰਨ ਵੀ ਭੂਮੀ ਖੋਰ, ਮਾਰੂਥਲੀਕਰਨ, ਜਲ-ਸੰਕਟ ਅਤੇ ਪਹਾੜਾਂ 'ਚ ਜਲ-ਸਲਾਬ ਵਧ ਰਹੇ ਹਨ।

ਭਾਰਤ ਨੂੰ ਦਰਪੇਸ਼ ਖ਼ਤਰਿਆਂ ਵਿੱਚੋਂ ਭੌਂ ਖੋਰ ਅਤੇ ਜਲ-ਸੰਕਟ ਹੁਣ ਵੱਡੇ ਖ਼ਤਰੇ ਹਨ। ਹਰ ਸਾਲ 6 ਕਰੋੜ ਟਨ, ਜਲ ਕੁੰਡਾਂ ਨੂੰ ਜਾ ਰਹੀ ਹੈ। ਭਾਰੀ ਮੀਂਹਾਂ ਅਤੇ ਤੇਜ਼ ਹਨੇਰੀਆਂ ਵਿੱਚ ਇਹ ਭੌਂ-ਖੋਰ ਬੜੀ ਤੇਜ਼ ਹੁੰਦੀ ਹੈ। ਭੌਂ ਖੋਰ ਨਾਲ ਧਰਤੀ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ। ਖੋਖਲੇ ਪਹਾੜ ਅਤੇ ਬਨਸਪਤੀ ਵਿਹੂਣੀਆਂ ਢਲਾਣਾਂ ਸਾਡੇ ਪੱਲੇ ਜਲ-ਸਲਾਬ, ਦਰਾੜਾਂ ਅਤੇ ਮਾਰੂਥਲ ਤਾਂ ਪਾ ਹੀ ਜਾਣਗੀਆਂ, ਸਗੋਂ ਅਸੀਂ ਪਹਾੜੀ ਜਨ-ਜੀਵਨ ਅਤੇ ਜਲ-ਵਹਿਣਾਂ ਅਤੇ ਸਮੁੰਦਰ ਦੀ ਪੂਰ-ਪਰਾਈ ਨਾਲ ਜਲ-ਕੁੰਡ, ਸਮੁੰਦਰ ਜੁੜਵੇਂ ਸ਼ਹਿਰ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ।

ਪਹਾੜਾਂ ਵਿੱਚ 60 ਹਿੱਸੇ ਦੇ ਹਿਸਾਬ ਨਾਲ ਰੁੱਖ ਨਾ ਲੱਗੇ ਹੋਣ ਤਾਂ ਮੀਂਹ ਪਹਾੜਾਂ-ਮੈਦਾਨਾਂ ਦੀ ਮਿੱਟੀ ਨੂੰ ਖੋਰਦਾ-ਰੋੜ੍ਹਦਾ ਹੈ। ਜਦੋਂ ਪਾਣੀ ਢਲਾਨ ਤੋਂ ਉਤਰਦਾ ਹੈ, ਉਥੇ ਜੇ ਧਰਤੀ ਨੰਗੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ ਤਾਂ ਤਿੱਖੀ ਗਤੀ ਹਜ਼ਾਰਾਂ ਟਨ ਮਲਬਾ ਵੀ ਲੈ ਤੁਰਦੀ ਹੈ। ਨੰਗੀ, ਖੋਖਲੀ ਅਤੇ ਤਿੱਖੀ ਢਾਲੂ ਜ਼ਮੀਨ 'ਤੇ ਪਾਣੀ ਦੀ ਮਹਿਜ਼ ਦੁੱਗਣੀ ਗਤੀ ਹੀ ਚੌਗੁਣੀ ਕੱਟ-ਵੱਢ, ਭਾਰ ਚੁੱਕਣ ਦੀ ਸਮਰੱਥਾ 32 ਅਤੇ ਧੱਕਾ ਦੇਣ ਦੀ ਸ਼ਕਤੀ 64 ਗੁਣਾ ਅਖਤਿਆਰ ਕਰਕੇ ਜਲ-ਸਲਾਬ ਦਾ ਰੂਪ ਧਾਰ ਸਾਨੂੰ ਮਿੰਧਦੀ, ਦਰੜਦੀ ਅਤੇ ਮਾਰਦੀ ਹੈ। ਹਾਂ; ਤਿੱਗਣੀ ਜਲ ਗਤੀ 'ਤੇ ਰੋੜ੍ਹੂ ਤਾਕਤ 729 ਗੁਣਾ ਹੋ ਜਾਂਦੀ ਹੈ। ਸਿੱਟੇ ਵਜੋਂ; ਪਹਾੜ ਖਿਸਕਦੇ ਅਤੇ ਵਹਿ ਤੁਰਦੇ ਹਨ।

ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਪਹਾੜਾਂ ਦੇ ਖਿਸਕਾਅ ਅਤੇ ਮੌਜੂਦਾ ਜਲ-ਸਲਾਬ ਅਸਲ ਵਿਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ। ਲੱਗਦਾ, ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਤੇ ਟੋਇਆਂ-ਟਿੱਬਿਆਂ ਵਿਚ ਬਦਲ ਗਿਆ ਜਦ ਜੰਗਲ, ਜਲ-ਵਹਿਣ ਅਤੇ ਪਹਾੜ ਰੁੱਸ ਗਏ। ਤਵਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਤਕਰੀਬਨ ਹਰ 'ਸਲਤਨਤ' ਦਾ ਅੰਤ ਦਰਾੜਾਂ, ਜਲ-ਸੰਕਟਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ। ਕਿੱਥੇ ਗਈਆਂ ਸਾਡੀਆਂ ਹੜੱਪਾ ਅਤੇ ਮਹਿੰਜੋਦੜੋ ਦੀਆਂ ਸੱਭਿਆਤਾਵਾਂ ?

ਕੀ ਅਸੀਂ ਬਚੇ ਰਹਾਂਗੇ ?

ਇਹੀ ਉਹ ਸਵਾਲ ਹੈ, ਜਿਹੜਾ ਹਾਕਮਾਂ ਅਤੇ ਸਾਡੇ-ਤੁਹਾਡੇ ਪੱਲੇ ਨਹੀਂ ਪੈਂਦਾ।

ਮੋਬਾ. 94634-39075

ਪਰਵਾਸ ਅਤੇ ਪੰਜਾਬੀ-5

ਗੁਰਬਚਨ ਸਿੰਘ ਭੁੱਲਰ

ਪੰਜਾਬੀ ਪਰਵਾਸੀ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਝੰਡਾਬਰਦਾਰੀ

ਇਸ ਗੱਲ ਦਾ ਬੜਾ ਮਾਣ ਕੀਤਾ ਜਾਂਦਾ ਹੈ ਕਿ ਸਾਡੇ ਪੰਜਾਬੀ ਦੁਨੀਆ ਦੇ ਬਹੁਤੇ ਦੇਸਾਂ ਵਿਚ ਪਹੁੰਚੇ ਹੋਏ ਹਨ ਅਤ

13-Aug-Sunday.qxd 8/12/2023 10:33 PM Page 5

ਅਗਲੇ ਸਾਲ ਦੀਆਂ ਚੋਣਾਂ ਅਤੇ ਧਰਮ-ਨਿਰਪੱਖ ਧਿਰਾਂ ਦੀ ਤ੍ਰਾਸਦੀ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਭਾਰਤ ਵਿੱਚ ਇੱਕ ਬਹਿਸ ਚੱਲ ਤੁਰੀ ਹੈ ਤੇ ਦਿਨੋ-ਦਿਨ ਅੱਗੇ ਵਧੀ ਜਾਂਦੀ ਹੈ ਕਿ ਅਗਲੇ ਸਾਲ ਲੋਕ ਸਭਾ ਚੋਣਾਂ ਵਿੱਚ ਕੀ ਬਣੇਗਾ! ਦੇਸ਼ ਦੀ ਕਮਾਨ ਸੰਭਾਲ ਰਹੀ ਧਿਰ ਹੱਦੋਂ ਵੱਧ ਭਰੋਸੇ ਨਾਲ ਆਪਣੇ ਲੋਕਾਂ ਨੂੰ ਇਹ ਕਹਿਣ ਵਿੱਚ ਮਾਣ ਮਹਿਸੂਸ ਕਰਦੀ ਹੈ ਕਿ ਜਿੰਨੇ ਮਰਜ਼ੀ ਵਿਰੋਧੀ ਧੜੇ ਇਕੱਠੇ ਹੋ ਜਾਣ, ਹਾਕਮ ਧਿਰ ਤੇ ਉਸ ਦੇ ਸਿਖਰਲੇ ਆਗੂ ਨਰਿੰਦਰ ਮੋਦੀ ਦਾ ਮੁਕਾਬਲਾ ਕਰਨ ਦੀ ਕਿਸੇ ਦੀ ਹਿੰਮਤ ਨਹੀਂ। ਉਸ ਵਿਚਾਰਧਾਰਾ ਨੂੰ ਕੋਈ ਚੰਗੀ ਕਹੀ ਜਾਵੇ ਜਾਂ ਮਾੜੀ, ਉਸ ਦੇ ਆਧਾਰ ਉੱਤੇ ਰਾਜਨੀਤੀ ਕਰਨ ਦੀਆਂ ਗੱਲਾਂ ਕਰਦੀ ਰਹੀ ਇਹ ਪਾਰਟੀ ਇਸ ਵਕਤ ਸਿਰਫ ਇੱਕ ਆਗੂ ਪਿੱਛੇ ਲੋਕਾਂ ਨੂੰ ਲਾਮਬੰਦ ਕਰਨ ਲਈ ਪੂਰੀ ਤਰ੍ਹਾਂ ਤੁਲ ਪਈ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਭਾਰਤ ਦੇ ਲੋਕ ਵਿਚਾਰਧਾਰਾ ਤੋਂ ਵੱਧ ਧੜੱਲੇਦਾਰ ਹਸਤੀਆਂ ਪਿੱਛੇ ਲੜਨ-ਮਰਨ ਲਈ ਛੇਤੀ ਤਿਆਰ ਹੋ ਸਕਦੇ ਹਨ। ਉਸ ਇਕੱਲੇ ਆਗੂ ਨੂੰ ਧਰਮ-ਰੱਖਿਅਕ ਬਣਾ ਕੇ ਪੇਸ਼ ਕੀਤੇ ਜਾਣ ਨਾਲ ਜਿਹੜੇ ਲੋਕ ਉਸ ਦੀ ਸਰਕਾਰ ਦੀਆਂ ਨੀਤੀਆਂ ਦੇ ਸਖਤ ਵਿਰੋਧੀ ਹਨ, ਚੋਣਾਂ ਦੇ ਦੌਰਾਨ ਉਹ ਵੀ ਆਪਣੇ ਧਰਮ ਦੇ ਜੈਕਾਰੇ ਨਾਲ ਉਸ ਆਗੂ ਪਿੱਛੇ ਖੜੇ ਹੋਣ ਲਈ ਤਿਆਰ ਹੋ ਸਕਦੇ ਹਨ। ਉਸ ਪਾਰਟੀ ਨੂੰ ਉਹ ਫਾਰਮੂਲਾ ਸਮਝ ਆ ਗਿਆ ਹੈ, ਜਿਹੜਾ ਕਾਂਗਰਸ ਪਾਰਟੀ ਆਪਣੀ ਚੜ੍ਹਤ ਦੌਰਾਨ ਅੱਧਾ-ਅਧੂਰਾ ਵਰਤਦੀ ਰਹੀ ਸੀ ਅਤੇ ਇਹ ਪਾਰਟੀ ਓਸੇ ਫਾਰਮੂਲੇ ਨੂੰ ਉਸ ਤੋਂ ਉਲਟੇ ਰਖ ਮਕੰਮਲ ਰਪ ਵਿੱਚ ਵਰਤਣ ਦੇ ਰਾਹ ਪਈ ਹੈ। ਕਾਂਗਰਸ ਦੀ ਗੱਲ ਕੀ ਕਰਨੀ, ਬਾਕੀ ਧਰਮ-ਨਿਰਪੱਖ ਧਿਰਾਂ ਵੀ ਇਸ ਫਾਰਮੂਲੇ ਦੇ ਵਿਰੋਧ ਲਈ ਲਾਮਬੰਦ ਨਹੀਂ ਹੋ ਰਹੀਆਂ।

ਚਿਰਾਂ ਤੱਕ ਕਾਂਗਰਸ ਵੱਲੋਂ ਵਰਤਿਆ ਜਾਂਦਾ ਰਿਹਾ ਫਾਰਮੂਲਾ ਇਹ ਸੀ ਕਿ ਘੱਟ-ਗਿਣਤੀਆਂ ਅੰਦਰ ਡਰ ਜਿਹਾ ਕਾਇਮ ਰੱਖੋ, ਬਹੁ-ਗਿਣਤੀ ਕਦੀ ਇੱਕੋ ਥਾਂ ਭੁਗਤਣੀ ਨਹੀਂ, ਉਸ ਦਾ ਅੱਧ-ਪਚੱਧ ਖਿੱਚ ਲਵੋ ਤੇ ਡਰੀ ਹੋਈ ਧਿਰ ਪੂਰੀ ਆਪਣੇ ਨਾਲ ਪੂਰੀ ਭੁਗਤਦੀ ਹੈ ਤਾਂ ਜਿੱਤ ਆਪਣੀ ਪੱਕੀ ਹੈ। ਜਿੱਦਾਂ ਨਵਾਂਪਣ ਨੀ ਆਵੇ ਤਾਂ ਪਰਖੀ ਹੋਈ ਦਵਾਈ ਬਿਮਾਰੀ ਵਿੱਚ ਅਸਰ ਕਰਨਾ ਛੱਡ ਜਾਂਦੀ ਹੈ, ਓਸੇ ਤਰ੍ਹਾਂ ਕਾਂਗਰਸ ਦਾ ਉਹ ਫਾਰਮੂਲਾ ਅਸਰ ਕਰਨੋਂ ਹਟ ਗਿਆ ਤੇ ਉਹ ਇਸ ਦੇ ਲਾਭ ਤੋਂ ਵਾਂਝੀ ਹੋ ਗਈ। ਮੁਕਾਬਲੇ ਦੀਆਂ ਕਈ ਧਿਰਾਂ ਵਿੱਚੋਂ ਜਿਹੜੀ ਕਾਂਗਰਸ ਤੋਂ ਐਨ ਉਲਟ ਪੈਂਤੜੇ, ਦੇਸ਼ ਦੀ ਬਹੁ-ਗਿਣਤੀ ਭਾਈਚਾਰੇ ਦੀ ਚੜ੍ਹਤ ਦੀ ਵਿਚਾਰਧਾਰਾ ਵਾਸਤੇ ਸਾਲਾਂ-ਬੱਧੀ ਸਰਗਰਮੀ ਕਰਦੀ ਰਹੀ ਸੀ, ਉਸ ਨੇ ਪਹਿਲਾਂ ਕੁਝ ਵਿੱਚ-ਵਿਚਾਲੇ ਦੀਆਂ ਧਿਰਾਂ ਨੂੰ ਕਾਂਗਰਸ ਦੇ ਏਕਾ-ਅਧਿਕਾਰਵਾਦ ਵਿਰੁੱਧ ਲਾਮਬੰਦ ਕਰ ਕੇ ਵਰਤਿਆ ਤੇ ਅੱਜ ਆਪਣੇ ਆਪ ਵਿੱਚ ਏਡੀ ਧਿਰ ਬਣ ਗਈ ਹੈ ਕਿ ਕਿਸੇ ਦੀ ਲੋੜ ਨਹੀਂ। ਕਾਂਗਰਸ ਵਿਰੋਧ ਦੇ ਬਹਾਨੇ ਜਿਹੜੀਆਂ ਧਿਰਾਂ ਕਦੀ ਉਸ ਨਾਲ ਤੁਰੀਆਂ ਸਨ ਤਾਂ ਇੱਕ-ਇੱਕ ਸੀਟ ਲਈ ਸੌਦੇਬਾਜ਼ੀ ਵਿੱਚ ਉਸ ਨੂੰ ਪਸੀਨੇ ਲਿਆ ਦੇਂਦੀਆਂ ਸਨ, ਅੱਜ ਬਦਲੇ ਹੋਏ ਹਾਲਾਤ ਵਿੱਚ ਓਸੇ ਪਾਰਟੀ ਅੱਗੇ ਇੱਕ-ਇੱਕ ਸੀਟ ਲਈ ਲਿਲਕੜੀਆਂ ਕੱਢਦੀਆਂ ਫਿਰਦੀਆਂ ਹਨ। ਉਸ ਦੀ ਮਰਜ਼ੀ ਹੈ ਕਿ ਕਿਸ ਪਾਰਟੀ ਨੂੰ ਆਪਣੇ ਨਾਲ ਰੱਖਣਾ ਹੈ, ਕਿਉਂਕਿ ਉਸ ਨੇ ਦੇਸ਼ ਦੀ ਬਹੁ-ਗਿਣਤੀ ਵਾਲੇ ਵਰਗ ਦੇ ਲੋਕਾਂ ਨੂੰ ਉਨ੍ਹਾਂ ਦੀ ਬਹੁ-ਗਿਣਤੀ ਦੀ ਤਾਕਤ ਦਾ ਅਹਿਸਾਸ ਅਤੇ ਜਿੱਤਣ ਦੀ ਝਾਕ ਲਾ ਕੇ ਪੱਕੀ ਤਰ੍ਹਾਂ ਨਾਲ ਤੋਰ ਲਿਆ ਹੈ।

ਕਾਂਗਰਸ ਪਾਰਟੀ ਲੰਮਾ ਸਮਾਂ ਧਰਮ-ਨਿਰਪੱਖ ਧਿਰਾਂ ਵਿੱਚੋਂ ਸਾਰੀਆਂ ਤੋਂ ਵੱਡੀ ਗਿਣੀ ਜਾਂਦੀ ਰਹੀ ਸੀ, ਪਰ ਇਸ ਪਹੁੰਚ ਨਾਲ ਉਸ ਦੇ ਆਗੂ ਦਿਲ ਤੋਂ ਕਦੀ ਪੱਕੇ ਨਹੀਂ ਸਨ ਖੜੋਂਦੇ। ਵਿਰੋਧ ਦੀਆਂ ਧਿਰਾਂ ਵਿਚਲੇ ਜਿਹੜੇ ਆਗੂ ਪਹਿਲਾਂ ਫਿਰਕ ਤਕਰੀਰਾਂ ਕਰਦੇ ਤੇ ਲੋਕਾਂ ਨੂੰ ਉਕਸਾਉਂਦੇ ਆਏ ਸਨ, ਉਹ ਇਸ ਪਾਰਟੀ ਵਿੱਚ ਆਉਣ 'ਤੇ ਭਾਰੂ ਹੋਣ ਲੱਗ ਪਏ ਤਾਂ ਉਨ੍ਹਾਂ ਵੱਲ ਵੇਖ ਕੇ ਇਸ ਪਾਰਟੀ ਦੇ ਪੁਰਾਣੇ ਆਗੂ ਵੀ ਆਪਣੇ ਅੰਦਰ ਲੁਕੀ ਆਪਣੇ ਫਿਰਕੇ ਦੇ ਹੇਜ ਦੀ ਭਾਵਨਾ ਰੋਕ ਕੇ ਰੱਖਣ ਦੀ ਥਾਂ ਖੁੱਲ੍ਹ ਕੇ ਬੋਲਣ ਲੱਗ ਪਏ ਕਿ ਉਹ ਆਪਣੇ ਧਰਮ ਦੇ ਲੋਕਾਂ ਨਾਲੋਂ ਵੱਖ ਨਹੀਂ ਹੋ ਸਕਦੇ। ਜਲੰਧਰ ਵਿੱਚ ਇੱਕ ਵਾਰੀ ਇੱਕ ਸਾਧਵੀ ਆਈ ਤਾਂ ਸਮਾਗਮ ਦੌਰਾਨ ਜਦੋਂ ਉਸ ਨੇ 'ਬੱਚਾ-ਬੱਚਾ ਰਾਮ ਕਾ, ਜਨਮ-ਭੂਮੀ ਕੇ ਕਾਮ ਕਾ' ਦਾ ਨਾਅਰਾ ਲਵਾਇਆ ਤਾਂ ਮੇਰੇ ਕੋਲ ਪਹੁੰਚੀ ਫੋਟੋ ਵਿੱਚ ਕਾਂਗਰਸ ਦਾ ਇੱਕ ਮੰਤਰੀ ਅਤੇ ਦੋ ਜ਼ਿਲ੍ਹਾ ਪ੍ਰਧਾਨ ਵੀ ਉਸ ਦੇ ਪਿੱਛੇ ਬਾਕੀ ਭੀੜ ਵਾਂਗ ਦੋਵੇਂ ਬਾਂਹਾਂ ਉਠਾ ਕੇ ਹੁੰਗਾਰਾ ਦੇਂਦੇ ਨਜ਼ਰ ਆਉਂਦੇ ਸਨ। ਮੈਂ ਉਨ੍ਹਾਂ ਵਿੱਚੋਂ ਇੱਕ ਜਣੇ ਨੂੰ ਅਗਲੇ ਦਿਨੀਂ ਇੱਕ ਥਾਂ ਮਿਲਦੇ ਸਾਰ ਛੇੜਿਆ ਕਿ ਚਲੋ ਕੋਈ ਗੱਲ ਨਹੀਂ, ਭੀੜ ਵਿੱਚ ਭੀੜ ਬਣੇ ਰਹਿਣ ਦਾ ਵੱਲ ਤੁਸੀਂ ਵੀ ਸਿੱਖ ਲਿਆ ਜਾਪਦਾ ਹੈ। ਉਸ ਨੇ ਕਿਹਾ : ਭੀੜ ਵਿੱਚ ਭੀੜ ਨਹੀਂ ਜੀ, ਰਾਜਨੀਤੀ ਵਿੱਚ ਕਾਂਗਰਸ ਦੇ ਨਾਲ ਹਾਂ, ਧਰਮ ਦੇ ਸਵਾਲ ਉੱਤੇ ਅਸੀਂ ਵੀ ਉਨ੍ਹਾਂ ਨਾਲ ਹਾਂ, ਚੋਣਾਂ ਬੇਸ਼ੱਕ ਉਨ੍ਹਾਂ ਦੇ ਖਿਲਾਫ ਲੜਨੀਆਂ ਪੈਂਦੀਆਂ ਹਨ। ਲੁਧਿਆਣੇ ਵਿੱਚ ਇੱਕ ਵਾਰੀ ਇੱਕ ਸਮਾਗਮ ਵਿੱਚ ਧਰਮ-ਨਿਰਪੱਖ ਧਿਰਾਂ ਦੇ ਇਕੱਠੇ ਹੋਣ ਅਤੇ ਕਾਂਗਰਸ ਦੇ ਪਿੱਛੇ ਲਾਮਬੰਦ ਹੋਣ ਦੀ ਗੱਲ ਚੱਲੀ ਤਾਂ ਕਾਂਗਰਸ ਦੇ ਇੱਕ ਆਗੂ ਨੇ ਆਪਣੇ ਭਾਸ਼ਣ ਵਿੱਚ ਕਮਿਊਨਿਸਟਾਂ ਖਿਲਾਫ ਸਾਰਾ ਤੋੜਾ ਝਾੜ ਦਿੱਤਾ ਕਿ ਇਹ ਅਕਾਲੀਆਂ ਨਾਲ ਮਿਲਣ ਨੂੰ ਤਿਆਰ ਰਹਿੰਦੇ ਹਨ। ਮੇਰੇ ਨਾਲ ਬੈਠੇ ਇੱਕ ਕਾਂਗਰਸੀ ਆਗੂ ਨੇ ਮੇਰੇ ਕੰਨ ਵਿੱਚ ਕਿਹਾ ਕਿ ਇਹ ਖੁਦ ਪਰਸੋਂ ਜਾ ਕੇ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲ ਆਇਆ ਹੈ। ਅਗਲੇ ਹਫਤੇ ਉਹ ਕਾਂਗਰਸੀ ਆਗੂ ਅਕਾਲੀ ਦਲ ਨਾਲ ਜਾ ਰਲਿਆ ਅਤੇ ਫਿਰ ਉਨ੍ਹਾਂ ਵੱਲੋਂ ਪਾਰਲੀਮੈਂਟ ਦੀ ਚੋਣ ਵਿੱਚ ਉਮੀਦਵਾਰ ਬਣ ਗਿਆ ਸੀ। ਸਾਰੇ ਭਾਰਤ ਨੂੰ ਵੇਖਿਆ ਜਾਵੇ ਤਾਂ ਏਦਾਂ ਦੇ ਬਹੁਤ ਸਾਰੇ ਕਾਂਗਰਸੀ ਆਗੂ ਪਛਾਣੇ ਜਾ ਸਕਦੇ ਹਨ, ਜਿਹੜੇ ਸਮਾਂ ਪਾ ਕੇ ਆਪਣੇ ਅੰਦਰਲੀ ਭਾਵਨਾ ਕਾਰਨ ਪਾਸਾ ਬਦਲ ਗਏ ਅਤੇ ਉਨ੍ਹਾਂ ਵਿੱਚੋਂ ਦੋ-ਤਿੰਨ ਤਾਂ ਅੱਜਕੱਲ੍ਹ ਮੁੱਖ ਮੰਤਰੀ ਬਣੇ ਹੋਏ ਦਿਖਾਈ ਦੇਂਦੇ ਹਨ।

ਇਸ ਸਾਰੇ ਪਿਛੋਕੜ ਨੂੰ ਫੋਲਣ ਤੋਂ ਬਾਅਦ ਭਾਰਤ ਦੇ ਅਜੋਕੇ ਹਾਲਾਤ ਅਤੇ ਮਨੀਪੁਰ ਜਾਂ ਹਰਿਆਣੇ ਦੇ ਨੂਹ ਅਤੇ ਹੋਰ ਥਾਂਵਾਂ ਤੋਂ ਉੱਠੀ ਫਿਰਕੂ ਲਹਿਰ ਨੂੰ ਪਛਾਨਣ ਦੀ ਲੋੜ ਹੈ। ਇਹ ਸਭ ਕੁਝ ਜਿੱਦਾਂ ਵਾਪਰ ਗਿਆ ਹੈ, ਸਪੱਸ਼ਟ ਹੈ ਕਿ ਇਸ ਦਾ ਅਸਰ ਅਗਲੇ ਸਾਲ ਦੀਆਂ ਪਾਰਲੀਮੈਂਟ ਚੋਣਾਂ ਉੱਤੇ ਪਵੇਗਾ ਜਾਂ ਠੀਕ ਸ਼ਬਦਾਂ ਵਿੱਚ ਕਹੀਏ ਤਾਂ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦਾ ਧਿਆਨ ਰੱਖ ਕੇ ਕੋਈ ਇਹ ਸਭ ਕੁਝ ਗਿਣ-ਮਿੱਥ ਕੇ ਕਰਵਾ ਰਿਹਾ ਹੈ। ਇਸ ਦੇ ਲਈ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਉਸ ਨਾਲ ਜੁੜੇ ਹੋਏ ਇੱਕ-ਦੋ ਜਣਿਆਂ ਦੀ ਭੂਮਿਕਾ ਦੀ ਚਰਚਾ ਕਰੀ ਜਾਣੀ ਅਸਲ ਹਾਲਾਤ ਬਾਰੇ ਸ਼ਾਇਦ ਪੂਰੀ ਸੱਚਾਈ ਪੇਸ਼ ਨਹੀਂ ਕਰਦੀ। ਏਦਾਂ ਦਾ ਕੰਮ ਕੋਈ ਇੱਕ ਆਗੂ ਜਾਂ ਉਸ ਨਾਲ ਜੁੜੇ ਹੋਏ ਦੋ-ਚਾਰ ਹੋਰ ਬੰਦੇ ਨਹੀਂ ਕਰ ਰਹੇ ਹੁੰਦੇ, ਇਸ ਪਿੱਛੇ ਨੀਂਹ ਬਣ ਕੇ ਖੜੀ ਵਿਚਾਰਧਾਰਾ ਦੇ ਲੋਕ ਕਰਦੇ ਜਾਂ ਕਰਵਾਉਂਦੇ ਅਤੇ ਪੱਕੇ ਜਥੇਬੰਦ ਢੰਗ ਨਾਲ ਇਹ ਸਭ ਕੁਝ ਕਰਵਾਇਆ ਕਰਦੇ ਹਨ। ਇਹ ਗੱਲ ਇਸ ਵੇਲੇ ਕਿਸੇ ਤੋਂ ਵੀ ਗੁੱਝੀ ਨਹੀਂ।

ਸੁਫਨਿਆਂ ਤੇ ਨਾਅਰਿਆਂ ਜਾਂ ਦਿਲਾਸਿਆਂ ਦੀ ਜ਼ਿੰਦਗੀ ਮਾਨਣੀ ਹੋਵੇ ਤਾਂ ਕੋਈ ਕੁਝ ਵੀ ਕਹੀ ਜਾਵੇ, ਹਕੀਕਤਾਂ ਦਾ ਸਾਹਮਣਾ ਕਰਨ ਲਈ ਬਹੁਤ ਸਾਰੇ ਲੋਕਾਂ ਦਾ ਦਿਲ ਨਹੀਂ ਮੰਨਦਾ। ਸਮਾਜ ਵਿਗਿਆਨੀਆਂ ਜਾਂ ਰਾਜਨੀਤੀ ਦੇ ਧਨੰਤਰਾਂ ਨੂੰ ਪੁੱਛ ਲਵੋ ਤਾਂ ਕੋਈ ਵੀ ਬਿਨਾਂ ਝਿਜਕ ਕਹੇਗਾ ਕਿ ਰਾਜਨੀਤੀ ਲਈ ਧਰਮ ਦੀ ਵਰਤੋਂ ਦੇ ਵਿਰੋਧ ਦੀ ਜੇ ਪੱਕੀ ਧਿਰ ਕੋਈ ਸਹੀ ਸ਼ਬਦਾਂ ਵਿੱਚ ਹੰਦੀ ਹੈ ਤੇ ਅਡੋਲ ਹੰਦੀ ਹੈ ਤਾਂ ਉਹ ਖੱਬੇ ਪੱਖੀ ਹਨ, ਪਰ ਉਹ ਇਹ ਗੱਲ ਕਹਿੰਦੇ ਹਨ ਕਿ ਭਰੋਸੇ ਵਾਲੀ ਇਹ ਧਿਰ ਅੱਜ ਹਾਲਾਤ ਦਾ ਮੁਕਾਬਲਾ ਕਰਨ ਜੋਗੀ ਨਹੀਂ। ਇਸ ਦਾ ਕਾਰਨ ਵੀ ਕਿਸੇ ਤੋਂ ਲੁਕਿਆ ਹੋਇਆ ਨਹੀਂ। ਧਰਮ ਦੇ ਨਾਂਅ ਉੱਤੇ ਜਨਤਕ ਜਨੂੰਨ ਵਰਤ ਕੇ ਰਾਜਨੀਤੀ ਕਰਦੀਆਂ ਧਿਰਾਂ ਪਾਟੀਆਂ ਹੋਈਆਂ ਵੀ ਹੋਣ ਤਾਂ ਹਰ ਧਰਮ ਦੇ ਮਾਮਲੇ ਵਿੱਚ ਕੋਈ ਇੱਕ ਧਿਰ ਉਨ੍ਹਾਂ ਦੀ ਮੁੱਖ ਧਾਰਾ ਗਿਣੀ ਜਾਂਦੀ ਹੈ, ਪਰ ਰਾਜਨੀਤੀ ਲਈ ਧਰਮ ਦੀ ਦੁਰਵਰਤੋਂ ਵਿਰੁੱਧ ਪੱਕੀ ਧਿਰ ਗਿਣੇ ਜਾਂਦੇ ਖੱਬੇ-ਪੱਖੀਆਂ ਦੀ ਕੋਈ ਇੱਕ ਮੁੱਖ ਧਾਰਾ ਨਹੀਂ, ਆਪਣੇ ਆਪ ਵਿੱਚ ਸਭਨਾਂ ਧਿਰਾਂ ਨੂੰ ਮੁੱਖ-ਧਾਰਾ ਦਾ ਆਗੂ ਬਣਨ ਦੀ ਭੂਮਿਕਾ ਦਾ ਵਹਿਮ ਨਹੀਂ ਛੱਡਦਾ। ਜਿਨ੍ਹਾਂ ਨਾਲ ਪਿੰਡ ਵਿੱਚ ਮਸਾਂ ਚਾਰ ਬੰਦੇ ਹੁੰਦੇ ਹਨ, ਇੱਕ ਪ੍ਰਧਾਨਗੀ ਕਰਦਾ ਹੈ, ਦੂਸਰਾ ਸਥਿਤੀ ਦੀ ਵਿਆਖਿਆ ਤੇ ਤੀਸਰਾ ਉਸ ਵਿਆਖਿਆ ਦੀ ਚਰਚਾ ਦੇ ਬਹਾਨੇ ਵਿਰੋਧ ਲਈ ਬੋਲਦਾ ਹੈ, ਉਹ ਵੀ ਇਹ ਦਾਅਵਾ ਕਰਨ ਤੋਂ ਨਹੀਂ ਹਟਦੇ ਕਿ ਜਿੱਦਾਂ ਦਾ ਮਰਜ਼ੀ ਜਨੂੰਨੀ ਮਾਹੌਲ ਬਣਿਆ ਫਿਰੇ, ਉਸ ਦਾ ਮੁਕਾਬਲਾ ਸਿਰਫ ਸਾਡੀ ਸੋਚ ਨਾਲ ਕੀਤਾ ਜਾ ਸਕਦਾ ਹੈ। ਇਨ੍ਹਾਂ ਦੀ ਖਹਿਬਾਜ਼ੀ ਸ਼ੋਕ ਸਮਾਗਮ ਦੇ ਮੌਕੇ ਵੀ ਅੱਗੋਂ-ਪਿੱਛੋਂ ਬੋਲਣ ਦੀ ਜ਼ਿਦ ਤੱਕ ਲੈ ਜਾਂਦੀ ਹੈ, ਕਿਸੇ ਗੱਲ ਵਿੱਚ ਕਦੀ ਇੱਕ-ਦੂਸਰੇ ਨਾਲ ਸੁਰ ਮਿਲਣ ਦੀ ਗੁੰਜਾਇਸ਼ ਨਿਕਲਦੀ ਹੈ ਤਾਂ ਕੱਢਣ ਨੂੰ ਤਿਆਰ ਨਹੀਂ, ਪਰ ਅਗਲੀ ਚੋਣ ਮੌਕੇ ਭਾਰਤ ਵਿੱਚ ਫਿਰਕੂ ਵਹਿਣ ਰੋਕ ਲੈਣ ਦੀਆਂ ਗੱਲਾਂ ਕਰਦੇ ਹਨ। ਲੋਕ ਪੁੱਛਦੇ ਹਨ ਕਿ ਆਪੋ ਵਿੱਚ ਪਾਟੀਆਂ ਧਿਰਾਂ ਦਾ ਕੀ ਮੋਰਚਾ ਬਣੇਗਾ ਤੇ ਜੇ ਬਣ ਵੀ ਜਾਵੇ ਤਾਂ ਕੀ ਸਿਰੇ ਲਾ ਸਕੇਗਾ? ਜਵਾਬ ਕੌਣ ਦੇਵੇਗਾ ਇਸ ਦਾ! ਕਾਂਗਰਸੀ ਲੀਡਰਾਂ ਬਾਰੇ ਆਮ ਕਿਹਾ ਜਾਂਦਾ ਹੈ ਕਿ ਕੋਈ ਜਣਾ ਪਾਰਟੀ ਛੱਡੇ ਤਾਂ ਉਹ ਰੋਕਦੇ ਨਹੀਂ, ਉਲਟਾ ਕਹਿੰਦੇ ਹਨ ਕਿ ਏਦਾਂ ਦੇ ਲੋਕਾਂ ਦੇ ਜਾਣ ਨਾਲ ਪਾਰਟੀ ਦਾ ਭਲਾ ਹੋਵੇਗਾ, ਪਿੱਛੇ ਰਹਿਣ ਵਾਲੇ ਭਾਵੇਂ ਉਨ੍ਹਾਂ ਨਾਲੋਂ ਵੀ ਮਾੜੇ ਹੋਣ, ਅੱਜਕੱਲ੍ਹ ਇਹੋ ਕੁਝ ਖੱਬੇ-ਪੱਖੀ ਧਿਰਾਂ ਵਿੱਚ ਭਾਰੂ ਹੈ। ਪੰਜਾਬੀ ਦਾ ਮਹਾਵਰਾ ਹੈ ਕਿ 'ਹੌਲਾ ਭਾਰ ਤੇ ਸਾਥ ਦੇ ਮੋਹਰੇ।' ਇਹ ਨਾਅਰਾ ਲਾ ਕੇ ਮੋਹਰੇ-ਮੋਹਰੇ ਤੇਜ਼ ਚੱਲਣ ਦਾ ਭਰਮ ਪਾਲਿਆ ਜਾ ਸਕਦਾ ਹੈ, ਹਾਸਲ ਕੁਝ ਨਹੀਂ ਹੋਣ ਲੱਗਾ। ਜੇ ਅਗਲੇ ਸਾਲ ਦੀ ਅਤੇ ਉਸ ਤੋਂ ਅਗਲੇ ਸਾਲਾਂ ਦੀ ਭਾਰਤ ਦੀ ਦਸ਼ਾ ਅਤੇ ਦਿਸ਼ਾ ਦੀ ਕੋਈ ਸੱਚਮੁੱਚ ਚਿੰਤਾ ਹੋਵੇ ਤਾਂ ਜਿਸ ਨੂੰ ਹੋਵੇ, ਜਿੰਨੀ ਵੀ ਚਿੰਤਾ ਹੋਵੇ, ਉਸ ਬਾਰੇ ਵਕਤ ਕੱਢ ਕੇ ਸੋਚਣਾ ਚਾਹੀਦਾ ਹੈ। ਸੁਣਨ ਨੂੰ ਏਦਾਂ ਦੀ ਗੱਲ ਵੀ ਕਈ ਲੋਕਾਂ ਨੂੰ ਚੰਗੀ ਲੱਗੇਗੀ, ਪਰ ਇਸ ਤੋਂ ਅੱਗੇ ਵਧ ਕੇ ਕੋਈ ਕੁਝ ਕਰੇਗਾ, ਇਸ ਦਾ ਯਕੀਨ ਜਦੋਂ ਤੱਕ ਆਮ ਲੋਕਾਂ ਨੂੰ ਨਹੀਂ ਹੁੰਦਾ, ਓਦੋਂ ਤੱਕ ਮਤੇ-ਸ਼ਤੇ ਪਾਸ ਕਰਦੇ ਰਹਿਣਾ ਕਾਫੀ ਹੈ, ਸਿੱਟਿਆਂ ਦੀ ਆਸ ਨਹੀਂ ਹੋ ਸਕਦੀ।

ਆਖਿਰ ਮੋਨੀ ਬਾਬਾ ਬੋਲਣ ਲਈ ਹੋਇਆ ਮਜਬੂਰ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਜਿੰਨਾ ਭਾਰਤ ਦਾ ਮੌਜੂਦਾ ਪ੍ਰਧਾਨ ਮੰਤਰੀ ਬੇਬਾਕੀ ਨਾਲ ਦੇਸ਼-ਵਿਦੇਸ਼ ਵਿੱਚ ਜਾ ਕੇ ਬੋਲਣ ਲਈ ਆਪਣਾ ਮਾਣ ਸਮਝਦਾ ਹੈ, ਓਨਾ ਹੀ ਦੇਸ਼ ਦੀ ਪਾਰਲੀਮੈਂਟ ਵਿੱਚ ਜਾਣ ਅਤੇ ਬੋਲਣ ਤੋਂ ਘਬਰਾਉਂਦਾ ਹੈ। ਤੁਸੀਂ ਇਸ ਨੂੰ ਇੰਝ ਵੀ ਕਹਿ ਸਕਦੇ ਹੋ ਕਿ ਜਿੱਥੇ ਬੋਲਣਾ ਅਤੇ ਜਨਤਾ-ਜਨਾਰਧਨ ਨੂੰ ਜਵਾਬ ਦੇਣਾ ਜ਼ਰੂਰੀ ਬਣਦਾ ਹੈ, ਉੱਥੇ ਸਾਹਿਬ ਜੀ ਚੁੱਪੀ ਵੱਟ ਲੈਂਦੇ ਹਨ। ਜ਼ਰਾ ਬੀਤੇ ਦੀਆਂ ਘਟਨਾਵਾਂ ਵੱਲ ਝਾਤੀ ਮਾਰੋ ਤੁਹਾਨੂੰ ਸਭ ਪਤਾ ਲੱਗ ਜਾਵੇਗਾ। ਸਭ ਜਾਣਦੇ ਹਨ ਜਿਸ ਡਬਲ-ਇੰਜਣ ਦੀ ਦਿਨ-ਰਾਤ ਸਾਹਿਬ ਰਟ ਲਾਈ ਜਾਂਦੇ ਹਨ ਉਹਨਾਂ ਡਬਲ ਇੰਜਣਾਂ ਦੀ ਦੁਰਦਸ਼ਾ ਮਨੀਪੁਰ ਅਤੇ ਕੇਂਦਰੀ ਸਰਕਾਰ ਦੀ ਠੀਕ ਨੱਕ ਹੇਠਾਂ ਹਰਿਆਣੇ ਦੀਆਂ ਘਟਨਾਵਾਂ ਵੱਲ ਝਾਤੀ ਮਾਰੋ। ਉੱਥੋਂ ਦੀਆਂ ਵਧੀਕੀਆਂ, ਔਰਤਾਂ ਪ੍ਰਤੀ ਵਿਵਹਾਰ, ਅੱਗਾਂ, ਗੋਲੀਆਂ ਦੀਆਂ ਆਵਾਜ਼ਾਂ ਅਤੇ ਬੰਬਾਂ ਨੂੰ ਸੁਣ-ਦੇਖ ਕੇ ਤੁਹਾਨੂੰ ਅਜਿਹਾ ਲੱਗੇਗਾ ਕਿ ਤੁਸੀਂ ਆਜ਼ਾਦ ਭਾਰਤ ਦੇ ਵਾਸੀ ਨਾ ਹੋ ਕੇ ਕਿਸੇ ਅੱਤ-ਪੱਛੜੇ ਦੇਸ਼ ਦੇ ਵਾਸੀ ਹੋ।

ਹਰਿਆਣੇ 'ਚ ਰਾਜ ਕਰਦੀ ਪਾਰਟੀ ਇੱਕ ਧਿਰ ਬਣ ਕੇ ਬਿਨਾਂ ਕਿਸੇ ਅਦਾਲਤ ਦੀ ਮਨਜ਼ੂਰੀ ਲਏ ਬੁਲਡੋਜ਼ਰਾਂ ਨਾਲ ਇੱਕ ਫਿਰਕੇ ਦੇ ਖਾਸ ਕਰਕੇ ਘਰ-ਬਾਰ ਤੋੜਦੀ ਰਹੀ। ਜਿਸ ਅਜਿਹੀ ਸਰਕਾਰੀ ਹਰਕਤ ਨੂੰ ਰੋਕਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਹੁਕਮ ਲੈਣੇ ਪਏ। ਜਿੱਥੇ ਵਾੜ ਹੀ ਖੇਤ ਨੂੰ ਖਾਣਾ ਸ਼ੁਰੂ ਕਰ ਦੇਵੇ, ਉੱਥੇ ਉਸ ਫਸਲ ਦਾ ਰੱਬ ਹੀ ਰਾਖਾ ਹੁੰਦਾ ਹੈ।

ਬਿਜ਼ਕ ਅਤੇ ਸਿਆਸਤ ਦੀ ਜਾਣਕਾਰੀ ਰੱਖਣ ਵਾਲਿਆਂ ਨੂੰ ਪਤਾ ਹੋਵੇਗਾ ਕਿ ਇੰਡੀਆ ਮਹਾਂ-ਗੱਠਜੋੜ ਨੇ ਪਹਿਲਾਂ ਹੀ ਆਖ ਦਿੱਤਾ

ਉੱਜੜੇ ਖੂਹ ਦਾ ਪਾਣੀ

(ਨਾਵਲ)
ਬੂਟਾ ਸਿੰਘ ਚੌਹਾਨ
ਪੰਨੇ : 136, ਮੁੱਲ : 200 ਰੁਪਏ
ਸਪਰੈੱਡ ਪਬਲੀਕੇਸ਼ਨ, ਰਾਮਪੁਰ (ਪੰਜਾਬ)

ਪਿਘਲਣ, ਵਿਗੜਨ ਦੇ ਤਾਣੇ-ਬਾਣੇ ਵਿੱਚ ਉਲਝੀ ਔਰਤ ਦਾ ਬਿਰਤਾਂਤ

ਕਿਤਾਬ ਦੀ

ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)

ਬੂਟਾ ਸਿੰਘ ਚੌਹਾਨ ਬਹੁ-ਵਿਧਾਵੀ ਕਲਮਕਾਰ ਹੈ। ਗਜ਼ਲਾਂ ਲਿਖਦਾ-ਲਿਖਦਾ ਕਹਾਣੀ ਲਿਖਦਾ ਹੈ, ਨਾਵਲ ਲਿਖਦਾ ਹੈ। ਬਾਲ ਸਾਹਿਤ 'ਤੇ ਹੱਥ ਅਜ਼ਮਾਉਂਦਾ ਹੈ ਅਤੇ ਬਿਜਲਈ ਸੰਚਾਰ ਸਾਧਨਾਂ ਦੀਆਂ ਨਵੀਆਂ ਕਾਢਾਂ ਰਾਹੀਂ ਵੀ ਆਪਣੀ ਗੱਲ ਕਹਿਣ ਦਾ ਯਤਨ ਕਰਦਾ ਰਹਿੰਦਾ ਹੈ। ਇੱਥੇ ਅਸੀਂ ਉਸ ਦੇ ਪਿਛਲੇ ਵਰ੍ਹੇ ਛਪੇ ਨਾਵਲ 'ਉੱਜੜੇ ਖਾਹ ਦਾ ਪਾਣੀ' ਦੇ ਸੰਦਰਭ ਵਿੱਚ ਹੀ ਗੱਲ ਕਰਾਂਗੇ। ਲਘੂ ਆਕਾਰ ਵਾਲੇ ਇਸ ਨਾਵਲ (ਕੇਵਲ 136) ਪੰਨੇ ਵਿੱਚ ਸ਼ਰਨ ਦਾ ਕਿਰਦਾਰ ਰਚਨਾ ਦੇ ਆਰ-ਪਾਰ ਫੈਲਿਆ ਹੋਇਆ ਹੈ। ਸਾਰੀਆਂ ਘਟਨਾਵਾਂ, ਦ੍ਰਿਸ਼, ਵੇਰਵੇ ਆਦਿ ਦਾ ਸਾਰਾ ਬਿਰਤਾਂਤ ਉਸ ਦੁਆਲੇ ਹੀ ਉਸਰਦਾ ਹੈ। ਉਸ ਨੂੰ ਮੁੱਖ ਪਾਤਰ ਜਾਂ ਕੇਂਦਰੀ ਪਾਤਰ ਵੀ ਕਹਿ ਸਕਦੇ ਹਾਂ। ਆਕਾਰ ਪੱਖੋਂ ਇਹ ਰਚਨਾ ਜੇ ਵੀਹਵੀਂ ਸਦੀ ਦੇ ਸੱਤਵੇਂ-ਅੱਠਵੇਂ ਦਹਾਕੇ ਵਿੱਚ ਲਿਖੀ ਜਾਂਦੀ ਤਾਂ ਸ਼ਾਇਦ ਇਹ ਨਾਵਲੈੱਟ ਦੀ ਕਤਾਰ ਵਿੱਚ ਹੀ ਖੜੀ ਦਿਸਦੀ, ਕਿਉਂ ਜੋ ਆਕਾਰ ਅਤੇ ਬਿਰਤਾਂਤ ਦੀ ਸੰਜਮਤਾ ਆਦਿ ਤੋਂ ਇਹ ਰਚਨਾ ਨਾਵਲੈੱਟ ਦੇ ਨਾਲ ਵਧੇਰੇ ਮੇਲ ਖਾਂਦੀ ਹੈ। ਉੱਪਰ ਦੱਸੇ ਸਮੇਂ ਵਿੱਚ ਕੁਝ ਮੈਗਜ਼ੀਨ ਅਜਿਹੇ ਸਨ, ਜੋ ਮੂਲ ਰੂਪ ਵਿੱਚ ਨਾਵਲੈੱਟ ਜਾਂ ਲੰਮੇ ਆਕਾਰ ਦੀ ਕਹਾਣੀ ਵਧੇਰੇ ਛਾਪਦੇ ਸਨ। 'ਦ੍ਰਿਸ਼ਟੀ' ਮੈਗਜ਼ੀਨ ਵਿੱਚ ਛਪੇ ਨਾਵਲੈੱਟ 'ਸੱਤ ਗੁਆਚੇ ਲੋਕ', 'ਕਾਰੇ ਹੱਥੀ' ਅਤੇ ਹੋਰ ਅਜਿਹੇ ਕਈ ਨਾਂਅ ਹਨ, ਜਿਨ੍ਹਾਂ ਨੂੰ ਪੰਜਾਬੀ ਪਾਠਕਾਂ ਨੇ ਬਹੁਤ ਹੀ ਮੋਹ-ਮੁਹੱਬਤ ਨਾਲ ਪੜ੍ਹਿਆ। ਉਸ ਪੀੜ੍ਹੀ ਦੇ ਲੋਕਾਂ ਦੇ ਚੇਤਿਆਂ ਵਿੱਚ ਅੱਜ ਵੀ ਉਹ ਬਿਰਤਾਂਤ ਘੁੰਮਦਾ ਮਹਿਸੂਸ ਕੀਤਾ ਜਾ ਸਕਦਾ ਹੈ। ਉਸ ਪਾਸੇ ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਬਾਅਦ 'ਚ ਬਲਬੀਰ ਪਰਵਾਨਾ ਦਾ ਮਹੱਤਵਪੂਰਨ ਕਾਰਜ ਰਿਹਾ ਹੈ। ਸਾਡੇ ਕਹਿਣ ਦਾ ਮਨੋਰਥ ਇਹ ਹੈ ਕਿ ਸਾਹਿਤ ਦੀ ਇਹ ਵੰਨਗੀ ਸੰਸਾਰ ਸਾਹਿਤ ਵਿੱਚ ਵੀ ਲਗਾਤਾਰ ਲਿਖੀ ਜਾਂਦੀ ਰਹੀ। 'ਓਲਡ ਮੈਨ ਐਂਡ ਦਾ ਸੀ', 'ਸਿਧਾਰਥ' ਆਦਿ ਸੰਸਾਰ ਸਾਹਿਤ ਵਿੱਚ ਢੁੱਕਵੀਆਂ ਉਦਾਹਰਣਾਂ ਹੋ ਸਕਦੇ ਹਨ। ਬਣਤਰ ਪੱਖੋਂ ਇਹ ਰਚਨਾ ਨਾਵਲੈੱਟ ਦੇ ਵਧੇਰੇ ਨੇੜੇ ਜਾਪਦੀ ਹੈ। ਉਂਜ ਸਾਡਾ ਇਹ ਮੰਨਣਾ ਹੈ ਕਿ ਕਿਸੇ ਰਚਨਾ ਦਾ ਮਹੱਤਵ ਉਸ ਦੀ ਸਾਹਿਤਕ ਵੰਨਗੀ ਕਰਕੇ ਨਹੀਂ ਹੁੰਦਾ, ਸਗੋਂ ਉਸ ਵਿੱਚ ਕਹੀ ਜਾਣ ਵਾਲੀ ਗੱਲ ਕਰਕੇ ਹੁੰਦਾ ਹੈ। 'ਮੇਰਾ ਦਾਗਿਸਤਾਨ' ਜਾਂ 'ਸੁਨਹਿਰਾ ਗੁਲਾਬ' ਸੰਸਾਰ ਸਾਹਿਤ ਵਿੱਚ ਮਹੱਤਵਪੂਰਨ ਪੁਸਤਕਾਂ ਹਨ, ਉਹਨਾਂ ਦੀ ਵੰਨਗੀ ਬਾਰੇ ਸਪੱਸ਼ਟ ਤੌਰ 'ਤੇ ਭਾਵੇਂ ਆਪਾਂ ਕੁਝ ਵੀ ਨਿਸ਼ਚਤ ਕਰਕੇ ਨਾ ਕਹਿ ਸਕੀਏ। ਇਸ ਨਾਵਲ ਦੀ ਕੇਂਦਰੀ ਪਾਤਰ 'ਸ਼ਰਨ' ਹੈ। ਉਸ ਦੇ ਸੁਭਾਅ ਅਤੇ ਉਸ ਖਾਸ ਸੁਭਾਅ ਕਰਕੇ ਸਮਾਜ ਵਿੱਚ ਵਿਚਰਦਿਆਂ ਉਸ ਦੀ ਜ਼ਿੰਦਗੀ ਵਿੱਚ ਆਈ ਉਥਲ-ਪੁਥਲ ਹੀ ਇਸ ਰਚਨਾ ਵਿੱਚ ਸਿਲਸਿਲੇਵਾਰ ਪੇਸ਼ ਕਰਨ ਦਾ ਯਤਨ ਹੋਇਆ ਹੈ। ਯੂਨਾਨੀ ਦੁਖਾਂਤ 'ਗ੍ਰੀਕ ਟਰੈਜਡੀ' ਵਿੱਚ ਅਸੀਂ ਪੜ੍ਹਦੇ ਹੁੰਦੇ ਸਾਂ ਜਾਂ ਸਾਨੂੰ ਸਮਝਾਇਆ ਜਾਂਦਾ ਸੀ ਕਿ ਉਸ ਵਿੱਚ ਨਾਇਕ ਜ਼ਿੰਦਗੀ ਬਤੀਤ ਕਰਦਿਆਂ ਅਨੇਕਾਂ ਪ੍ਰਕਾਰ ਦੇ ਦੁੱਖ ਭੋਗਦਾ ਹੈ, ਪਰ ਉਹ ਸਾਰੇ ਦੁੱਖਾਂ ਦਾ ਕਾਰਨ ਉਸ ਦੇ ਸੁਭਾਅ ਵਿੱਚ ਕਿਸੇ ਇੱਕ ਜਾਂ ਵਧੇਰੇ ਵਿਸ਼ੇਸ਼ ਲੱਛਣ ਹੀ ਹੁੰਦੇ ਹਨ। ਉਸ ਨੂੰ ਪਾਤਰ ਵਿੱਚ ਸੁਭਾਅ ਵਿਚਲੇ 'ਟਰੈਜਿਕ ਫਲਾਅ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਉਸ ਦਾ ਸੁਭਾਅ ਸੱਚ ਬੋਲਣ ਦਾ ਵੀ ਹੋ ਸਕਦਾ ਹੈ, ਲੋਕਾਂ ਦਾ ਮਦਦਗਾਰ ਹੋਣਾ ਵੀ ਹੋ ਸਕਦਾ ਹੈ, ਆਪਣੀ ਜ਼ਿੰਦਗੀ, ਆਪਣੀਆਂ ਸ਼ਰਤਾਂ ਅਤੇ ਮਰਜ਼ੀ ਅਨੁਸਾਰ ਜੀਣਾ ਵੀ ਹੋ ਸਕਦਾ ਹੈ ਜਾਂ ਮਨੁੱਖੀ ਸੁਭਾਅ ਦੇ ਹੋਰ ਅਨੇਕਾਂ ਲੱਛਣਾਂ ਵਿੱਚੋਂ ਕੋਈ ਹੋਰ ਵੀ ਹੋ ਸਕਦਾ ਹੈ। ਉਸ ਦਾ ਉਹ ਵਿਸ਼ੇਸ਼ ਸੁਭਾਅ ਉਸ ਨੂੰ ਹਮੇਸ਼ਾ ਸੰਕਟਮਈ ਸਥਿਤੀ ਵਿੱਚ ਹੀ ਉਲਝਾਈ ਰੱਖਦਾ ਹੈ ਅਤੇ ਨਾਇਕ ਇਸੇ ਨੂੰ ਹੀ ਆਪਣੀ ਜ਼ਿੰਦਗੀ ਦਾ ਹਾਸਲ ਮੰਨ ਲੈਂਦਾ ਹੈ। ਇਹ ਨਾਵਲ ਪੜ੍ਹਦਿਆਂ 'ਸ਼ਰਨ' ਦੇ ਸੁਭਾਅ ਵਿਚਲੀ 'ਅੜਵਾਈ' ਜਾਂ ਅੱਥਰਾਪਨ/ਅੱਖੜਪੁਣਾ ਹੀ ਉਸ ਦੀ ਜ਼ਿੰਦਗੀ ਵਿੱਚ ਆਈ ਉਥਲ-ਪੁਥਲ ਦਾ ਕਾਰਨ ਬਣਦਾ ਨਜ਼ਰ ਆਉਂਦਾ ਹੈ। ਉਹ ਪੰਜਾਬ ਦੀ ਅੜਬ ਮੁਟਿਆਰ ਦੇ ਚਿੰਨ੍ਹ ਵਜੋਂ ਨਾਵਲ 'ਚ ਪੇਸ਼ ਹੋ ਰਹੀ ਹੈ। ਉਸ ਦਾ ਪਤੀ ਗੁਰਬੀਰ ਸੋਚਦਾ ਹੈ :

'ਜਦੋਂ ਪਿਘਲਦੀ ਐ, ਐਂ ਲੱਗਦੈ ਇਹਦੇ ਵਰਗੀ ਤੀਵੀਂ ਨ੍ਹੀਂ ਕੋਈ। ਜਦੋਂ ਵਿਗੜਦੀ ਐ ਲੱਗਦੈ ਇਹਦੇ ਨਾਲੋਂ ਮਾੜੀ ਤੀਵੀਂ ਕੋਈ ਨ੍ਹੀਂ।'

ਇਸ 'ਪਿਘਲਣ' ਅਤੇ 'ਵਿਗੜਨ' ਦਾ ਬਿਰਤਾਂਤ ਹੀ ਹੈ ਇਹ ਸਾਰੀ ਰਚਨਾ।

ਪਿੰਡ ਵਿੱਚ ਮਿਸਤਰੀ ਗੁਰਦਿਆਲ ਸਿੰਘ ਦੇ ਘਰ ਜਨਮੀ ਇਕਲੌਤੀ ਔਲਾਦ ਸ਼ਰਨ ਵਿਰਸੇ ਵਿੱਚ ਆਪਣੇ ਬਾਪ ਦਾ ਇੱਕ ਵਿਸ਼ੇਸ਼ ਸੁਭਾਅ ਵੀ ਪ੍ਰਾਪਤ ਕਰਦੀ ਹੈ, ਉਸ ਦੇ ਸੁਭਾਅ ਬਾਰੇ ਭਾਵੇਂ ਬਿਰਤਾਂਤਕਾਰ ਪਹਿਲਾਂ ਵੀ ਬਿਆਨ ਕਰਦਾ ਹੈ, ਪਰ ਉਸ ਦੀ ਵਿਹਾਰਕ ਉਦਾਹਰਣ ਉਦੋਂ ਉਜਾਗਰ ਹੁੰਦੀ ਹੈ, ਜਦੋਂ ਪਿੰਡ ਦਾ ਇੱਕ ਛਟਿਆ ਹੋਇਆ ਆਦਮੀ 'ਜੂਪਾ' ਸ਼ਰਨ ਵੱਲ ਮੈਲੀ ਨਜ਼ਰ ਨਾਲ ਦੇਖਦਾ ਹੈ, ਉਸ ਨੂੰ ਪਰੇਸ਼ਾਨ ਕਰਦਾ ਹੈ ਤਾਂ ਗੁਰਦਿਆਲ ਸਿੰਘ ਬਹੁਤ ਹੀ ਸਹਿਜਤਾ ਨਾਲ ਆਪਣਾ ਹਥਲਾ ਕੰਮ ਨਿਬੇੜਦਾ ਹੈ, ਪਰ ਅਚਾਨਕ ਹੀ ਜੂਪੇ ਦਾ ਹੱਥ ਵੱਢ ਕੇ ਕੁਝ ਚਿਰ ਪਿੰਡੋਂ ਬਾਹਰ ਰਹਿ ਕੇ ਕੁਝ ਦਿਨਾਂ ਬਾਅਦ ਮੁੜ ਆਉਂਦਾ ਹੈ। ਜੂਪੇ ਦੇ ਮਾੜੇ ਲੱਛਣਾਂ ਕਰਕੇ ਪਿੰਡ ਵਿੱਚ ਇਹ ਗੱਲ ਆਈ-ਗਈ ਹੋ ਜਾਂਦੀ ਹੈ ਅਤੇ ਜੂਪਾ ਵੀ ਚੁੱਪ-ਚੁਪੀਤੇ ਇਸ ਬੇਪਤੀ ਦਾ ਕੌੜਾ ਘੁੱਟ ਪੀ ਜਾਂਦਾ ਹੈ। ਅਸਲ ਵਿੱਚ ਘਟਨਾ ਤੋਂ ਬਾਅਦ ਹੀ ਸ਼ਰਨ ਦੀ ਜ਼ਿੰਦਗੀ ਵਿੱਚ ਆਉਣ ਵਾਲੀਆਂ ਅਗਲੇਰੀਆਂ ਘਟਨਾਵਾਂ/ਦੁਰਘਟਨਾਵਾਂ ਦਾ ਰਾਹ ਖੁੱਲ੍ਹਦਾ ਹੈ। ਗੁਰਦਿਆਲ ਸਿੰਘ ਦੀ ਜ਼ਿੰਦਗੀ ਪੂਰੀ ਤਰ੍ਹਾਂ ਸਿੱਖ ਰਹਿਤ ਮਰਿਆਦਾ ਅਨੁਸਾਰ ਹੈ। ਘਰ ਵਿੱਚ ਸ਼ਰਾਬ ਅਤੇ ਮੀਟ ਦੀ ਵਰਤੋਂ ਤਾਂ ਦੂਰ ਦੀ ਗੱਲ, ਘਰ ਵਿੱਚ ਵੜਨ ਦੀ ਵੀ ਮਨਾਹੀ ਅਤੇ ਪਾਬੰਦੀ ਹੈ। ਉਸ ਦੇ ਅੜਬ ਸੁਭਾਅ ਦੀ ਦੂਜੀ ਪਰਤ ਉਦੋਂ ਖੁੱਲ੍ਹਦੀ ਹੈ ਜਦੋਂ ਪਾਠਕ ਇਹ ਪੜ੍ਹਦਾ ਹੈ ਕਿ ਗੁਰਦਿਆਲ ਸਿੰਘ ਆਪਣੇ ਸਕੇ ਭਣਵੱਈਏ ਨੂੰ ਜੋ ਉਸ ਦੇ ਘਰ ਵਿੱਚ ਸ਼ਰਾਬ ਅਤੇ ਮੀਟ ਦਾ ਸੇਵਨ ਕਰ ਰਿਹਾ ਸੀ, ਘਰੋਂ ਨਿਕਲ ਜਾਣ ਦਾ ਹੁਕਮ ਦਿੰਦਾ ਹੈ। ਜੂਪੇ ਦਾ ਗੁੱਟ ਵੱਢਣ ਕਰਕੇ ਭਣਵੱਈਏ ਰਣਜੀਤ ਸਿੰਘ ਦਾ ਘਰ ਉਸ ਦੀ ਲੁਕਣਗਾਹ ਬਣਦਾ ਹੈ, ਪਰ ਪਿੰਡ ਵਿੱਚ ਠੰਢ-ਠੰਡੇਰਾ ਹੋਏ ਦਾ ਪਤਾ ਲੱਗਣ 'ਤੇ ਉਹ ਪਿੰਡ ਤਾ ਪਰਤ ਆਉਂਦਾ ਹੈ, ਪਰ ਨਾਲ ਹੀ ਇਸ ਗੂੜ੍ਹੀ ਰਿਸ਼ਤੇਦਾਰੀ ਵਿੱਚ ਹੋਈ ਟੁੱਟੀ-ਗੰਢੀ ਸ਼ਰਨ ਲਈ ਸੰਕਟ ਬਣਦੀ ਹੈ। ਉਹ ਆਪਣੀ ਭੂਆ ਦਾ ਜਣੇਪਾ ਕਰਵਾਉਣ ਗਈ 'ਡੁੱਫੜ' ਦੀ ਹਵਸ ਦਾ ਸ਼ਿਕਾਰ ਬਣਦੀ ਹੈ। ਪਤਨੀ ਦੀ ਮੌਤ ਤੋਂ ਬਾਅਦ ਰਣਜੀਤ ਸ਼ਰਨ ਦਾ ਰਿਸ਼ਤਾ ਮੰਗਣ ਦੀ ਹਿਮਾਕਤ ਵੀ ਕਰ ਬੈਠਦਾ ਹੈ। ਇਸ ਸਾਰੇ ਚੱਕਰ ਵਿੱਚ ਸ਼ਰਨ ਦੇ ਵਿਆਹ ਦੀ ਕਾਹਲ ਵਾਲਾ ਬਿਰਤਾਂਤ ਉਪਜਦਾ ਹੈ। ਇਸ ਅੜਬ ਮੁਟਿਆਰ ਦਾ ਗੁਰਬੀਰ ਨਾਲ ਵਿਆਹ ਤਾਂ ਹੋ ਜਾਂਦਾ ਹੈ, ਪਰ ਸ਼ਰਨ ਨੂੰ ਉਹ ਨਾ ਤਾਂ ਆਪਣੇ ਸਰੀਰ ਦਾ ਹਾਣੀ ਲੱਗਦਾ ਹੈ, ਅਤੇ ਨਾ ਹੀ ਰੂਹ ਦਾ। ਜੋੜੀ ਬਣਨ ਦੀ ਥਾਂ 'ਨਰੜ ਬੰਧਨ ਵਿੱਚ ਬੱਝਿਆ ਇਹ ਜੋੜਾ ਜੀਵਨ ਚਾਲ ਵਿੱਚ ਵੀ ਫਰੜ ਮਾਰਦਾ ਹੈ ਅਤੇ ਅੰਤ 'ਤੇ ਟੁੱਟ ਜਾਂਦਾ ਹੈ। ਨਾਲ ਹੀ ਗੁਰਬੀਰ ਦੇ ਸਾਹਾਂ ਦੀ ਡੋਰ ਵੀ। ਗੁਰਬੀਰ ਦੇ ਆਪਣੀ ਭਰਜਾਈ ਨਾਲ ਜਿਸਮਾਨੀ ਰਿਸ਼ਤਾ ਵੀ ਇਸ ਸੰਕਟ ਦਾ ਇੱਕ ਕਾਰਨ ਬਣਦਾ ਹੈ, ਪਰ ਬਿਰਤਾਂਤ ਵਿੱਚ ਸ਼ਰਨ ਦੀ ਅੜਵਾਈ ਵਾਲਾ ਤੱਤ ਵਧੇਰੇ ਉੱਭਰਵੇਂ ਰੂਪ ਵਿੱਚ ਪੇਸ਼ ਹੋਇਆ ਹੈ। ਸ਼ਰਨ ਦੀ ਅੜਵਾਈ ਬਚਪਨ ਤੋਂ ਹੀ ਸਹੇਲੀ ਰੰਚਨਾ ਦਾ ਬਚਾਅ ਕਰਨਾ, ਉਸ ਦੀ ਲੜਾਈ ਆਪ ਮੋਹਰੇ ਹੋ ਕੇ ਲੜਨੀ, ਉਸ ਦੀ ਸੀਖ 'ਤੇ ਪਹਿਲੀ ਰਾਤ ਆਪਣੇ ਪਤੀ ਗੁਰਬੀਰ ਨੂੰ ਇੱਕ ਅਟਪਟਾ ਸੁਆਲ ਪੁੱਛਣਾ, ਸਕੂਲ ਮਾਸਟਰ ਦੀ ਬਣਦੀ ਸੇਵਾ ਕਰਨੀ, ਸਕੂਲ ਵਿੱਚ ਆਪਣੇ ਦਬੰਗ ਸੁਭਾਅ ਕਰਕੇ ਜਾਣੀ ਜਾਂਦੀ ਸ਼ਰਨ ਵਾਹ ਲੱਗਦੇ ਪੜ੍ਹਾਈ ਤੋਂ ਟਾਲਾ ਹੀ ਵੱਟਦੀ ਹੈ, ਸੋਚਦੀ ਇਹ ਹੈ ਕਿ ਮੈਂ ਪੜ੍ਹ ਕੇ ਕੀ ਕਰਨਾ?

ਘਰ ਦਾ ਲੜਾਈ-ਝਗੜਾ ਨਿਪਟਾਉਣ ਹਿੱਤ ਗੁਰਬੀਰ ਹੋਰ ਵੱਖ-ਵੱਖ ਸ਼ਹਿਰਾਂ ਵਿੱਚ ਰਹਿਣ ਭਾਵੇਂ ਲੱਗੇ ਜਾਂਦੇ ਹਨ, ਪਰ ਭਾਬੀ-ਦਿਉਰ ਦਾ ਰਿਸ਼ਤਾ ਨਹੀਂ ਟੁੱਟਦਾ, ਜੋ ਅਸਲ ਵਿੱਚ ਗੁਰਬੀਰ ਦੇ ਘਰ ਟੁੱਟਣ ਦਾ ਕਾਰਨ ਬਣਦਾ ਹੈ। ਭਾਬੀ ਗੁਰਬੀਰ ਨੂੰ ਮਿਲਣ ਮੰਡੀ ਤੋਂ ਸ਼ਹਿਰ ਆਉਣ-ਜਾਣ ਲੱਗੀ, ਸ਼ਰਨ ਨੂੰ ਭਿਣਕ ਲੱਗਣ 'ਤੇ ਉਸ ਅੰਦਰਲੀ ਚੰਡੀ ਜਾਗ ਉਠਦੀ ਹੈ ਤੇ ਉਹ ਜੇਠਾਣੀ ਦੇ ਹੱਡ ਵੀ ਸੋਕਦੀ ਹੈ ਤੇ ਉਸ ਨੂੰ ਨਸ਼ਰ ਵੀ ਸ਼ਰੇ-ਬਾਜ਼ਾਰ ਕਰਦੀ ਹੈ। ਇਸ ਸਾਰੇ ਘਟਨਾਕ੍ਰਮ ਦਾ ਅਸਰ ਇਹ ਹੁੰਦਾ ਹੈ ਕਿ ਗੁਰਬੀਰ ਜੋ ਪਹਿਲਾਂ ਹੀ ਹੀਣ-ਭਾਵਨਾ ਦਾ ਸ਼ਿਕਾਰ ਸੀ, ਅੰਦਰੋਂ ਟੁੱਟ ਜਾਂਦਾ ਹੈ ਅਤੇ ਅੰਤ ਮੌਤ ਦੀ ਝੋਲੀ ਜਾ ਪੈਂਦਾ ਹੈ। ਇੱਥੋਂ ਸ਼ਰਨ ਦੇ ਜੀਵਨ ਦਾ ਅਗਲਾ ਪੜਾਅ ਸ਼ੁਰੂ ਹੁੰਦਾ ਹੈ, ਜਿਸ ਵਿੱਚ ਆਪਣੀ ਜ਼ਿੰਦਗੀ ਨੂੰ ਨਵੇਂ ਸੰਸਾਰ ਵਿੱਚ ਨਵੇਂ ਸਿਰਿਓਂ ਵਿਓਂਤਣ ਦਾ ਯਤਨ ਕਰਦੀ ਹੈ। ਉਸ ਦਾ ਪਹਿਲਾ ਵਾਹ ਬਾਜਵਾ ਐੱਮ ਸੀ ਨਾਲ ਪੈਂਦਾ ਹੈ। ਉਹ ਭਾਵੇਂ ਛੋਟੀ-ਮੋਟੀ ਰਾਜਨੀਤੀ ਕਰਦਾ ਹੈ, ਪਰ ਉਸ ਦੇ ਕੰਮ ਦੱਲਿਆਂ ਵਾਲੇ ਹੀ ਹਨ। ਬਾਜਵਾ ਸਾਡੀ ਰਜਨੀਤੀ ਦੇ ਥੱਲੜੇ ਪਾਏਦਾਨ 'ਤੇ ਬੈਠੇ ਉਹਨਾਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਆਪਣੀ ਸਾਰੀ ਜ਼ਿੰਦਗੀ 'ਕਮਿਸ਼ਨ' ਦੇ ਸਹਾਰੇ ਕੱਟਦੇ ਹਨ। ਕਦੇ ਇਹ ਪੁਲਸ ਤੇ ਸਾਇਲ ਵਿਚਾਲੇ ਦੱਲੇ ਬਣਦੇ ਹਨ, ਕਦੇ ਕਿਸੇ ਹੋਰ ਦਫਤਰ ਵਿੱਚ। ਅਜਿਹੇ ਬਾਜਵੇ ਪੰਜਾਬ ਦੀ ਰਾਜਨੀਤੀ ਵਿੱਚ ਥੱਲਿਓਂ ਉੱਪਰ ਤੱਕ ਮਿਲ ਜਾਣਗੇ ਅਤੇ ਪਾਠਕ ਆਪਣੇ ਨੇੜੇ-ਤੇੜੇ ਵਿਚਰਦੇ ਦੱਲੇ ਨਾਲ ਬਾਜਵੇ ਦੀ ਪਛਾਣ ਜੋੜ ਲੈਣਗੇ ਅਤੇ ਆਪਣਾ ਭਾਵਨਾਤਮਕ ਕਥਾਰਸਿਸ ਕਰ ਲੈਣਗੇ। ਇਹ ਨਾਵਲ ਦੀ ਵੱਖਰਤਾ ਵੀ ਹੈ ਅਤੇ ਵਿਸ਼ੇਸ਼ਤਾ ਵੀ।

ਇਸੇ ਤਰ੍ਹਾਂ ਦਾ ਇੱਕ ਹੋਰ ਪਾਤਰ ਸ਼ਹਿਰ ਵਿੱਚ ਹੈ, ਜੋ ਲਗਾਤਾਰ ਐੱਮ ਸੀ ਬਣਦਾ ਆ ਰਿਹਾ ਹੈ। ਗਿੱਲ, ਬਾਜਵੇ ਤੋਂ ਥੋੜ੍ਹੀ ਵੱਖਰੀ ਕਿਸਮ ਦਾ ਹੈ, ਉਹ ਰਾਜਨੀਤੀ ਨੂੰ ਸਾਧਨ ਬਣਾ ਕੇ ਪੈਸਾ ਕਮਾ ਰਿਹਾ ਹੈ, ਜਦ ਕਿ ਬਾਜਵਾ ਰਾਜਨੀਤੀ ਵਿੱਚੋਂ ਹੀ ਪੈਸਾ ਕਮਾਉਣ ਦਾ ਯਤਨ ਕਰਦਾ ਰਹਿੰਦਾ ਹੈ। ਗਿੱਲ ਨੂੰ ਇਹ ਪਤਾ ਹੈ ਕਿ ਚੋਣਾਂ ਵਿੱਚ ਕਿਹੜੇ ਬੰਦੇ/ਔਰਤ ਕੋਲੋਂ ਕਿਸੇ ਵੇਲੇ ਕਿਹੜਾ ਕੰਮ ਲੈਣਾ ਹੈ, ਕੰਮ ਲੈਣ ਤੋਂ ਬਾਅਦ ਉਸ ਨੂੰ ਪਰ੍ਹੇ ਕਿਵੇਂ ਸੁੱਟਣਾ ਹੈ। 'ਯੂਜ਼ ਐਂਡ ਥਰੋਅ' ਦੀ ਇਸ ਪਾਲਿਸੀ ਨੂੰ ਪਰਣਾਇਆ ਹੋਇਆ ਹੈ ਗਿੱਲ ਐੱਮ ਸੀ। ਕਦੀ ਆਪਣੇ ਮੁਹੱਲੇ ਅਤੇ ਆਲੇ-ਦੁਆਲੇ ਦੇ ਮੁਹੱਲਿਆਂ ਵਿੱਚ ਸ਼ਰਨ ਉਸ ਲਈ ਕੰਮ ਕਰਦੀ ਹੈ, ਪਰ ਸਮਾਂ ਬਦਲਣ ਅਤੇ ਬੀਤਣ 'ਤੇ ਉਹ ਮਹਿਸੂਸ ਕਰਦਾ ਹੈ ਕਿ ਸ਼ਰਨ ਦੀ ਥਾਂ ਹੁਣ ਸੰਜੀਵਨੀ ਉਸ ਲਈ ਇਹ ਕੰਮ ਵਧੇਰੇ ਕਾਰਗਰ ਢੰਗ ਨਾਲ ਕਰ ਸਕਦੀ ਹੈ ਤੇ ਉਹ ਸ਼ਰਨ ਨੂੰ ਹੌਲੀ-ਹੌਲੀ ਆਪਣੇ ਵਰਤੋਂ/ਵਿਹਾਰ ਵਿੱਚੋਂ ਵੀ ਬਾਹਰ ਧੱਕ ਦਿੰਦਾ ਹੈ। ਸ਼ਰਨ ਨਾਲ ਗਿੱਲ ਦਾ ਨਾਂਅ ਜੁੜਨ/ਟੁੱਟਣ ਨਾਲ ਹੋਈ ਬਦਨਾਮੀ ਉਸ ਨੂੰ ਸਹਿਜ ਨਹੀਂ ਰਹਿਣ ਦਿੰਦੀ।

ਸ਼ਰਨ ਅਤੇ ਗੁਰਬੀਰ ਦੀ ਬੇਟੀ 'ਪਰਮਲ' ਉਹਨਾ ਦੀ ਕਿਰਾਏਦਾਰ ਦੀਪੀ ਦੇ ਚੁੰਗਲ ਵਿੱਚ ਅਜਿਹਾ ਫਸਦੀ ਹੈ ਕਿ ਸ਼ਰਨ ਦੇ ਘਰ 'ਤੇ ਕਬਜ਼ਾ ਕਰਨ ਦੀ ਨੌਬਤ ਤੱਕ ਪਹੁੰਚ ਜਾਂਦੀ ਹੈ। ਫਿਰ ਸ਼ਰਨ ਰਿਸ਼ਤੇ ਵਜੋਂ ਲੱਗਦੇ ਫੁੱਫੜ ਉਂਜ ਉਸ ਦਾ ਸਰੀਰਕ ਸ਼ੋਸ਼ਣ ਕਰਨ ਵਾਲਾ ਦੌਤ ਉਸ ਦਾ ਮਦਦਗਾਰ ਹੋ ਬਹੁੜਦਾ ਹੈ। ਅਸਲ ਵਿੱਚ ਨਾਵਲ ਦਾ ਬਿਰਤਾਂਤਕਾਰ ਇਸ ਸਥਿਤੀ ਨੂੰ ਵਰਤਮਾਨ ਵਿੱਚ ਬਦਲ ਰਹੇ ਸਮਾਜਿਕ ਸਰੋਕਾਰਾਂ ਦੇ ਸੰਦਰਭ ਵਿੱਚ ਹੀ ਇੱਕ ਨਵੀਂ ਘਟਨਾ ਉਸਾਰਦਾ ਹੈ। ਨਾਵਲ ਦੇ ਪਾਠ ਵਿੱਚ ਇਹ ਦਰਜ ਹੈ :

'ਮਹਾਜਨਾਂ ਕੋਲੋਂ ਪੈਸਾ ਅੰਨ੍ਹੇਵਾਹ ਆ ਰਿਹਾ ਸੀ। ਲੋਕ ਵੱਖ-ਵੱਖ ਨਵੀਆਂ ਸਹੂਲਤਾਂ ਦੇ ਆਦੀ ਹੋ ਰਹੇ ਸਨ। ਸਾਦਾ ਤੇ ਖਰਚ ਰਹਿਤ ਜੀਵਨ ਜਿਉਣਾ ਛੱਡਦੇ ਜਾ ਰਹੇ ਸੀ। ਇੱਕ-ਦੂਜੇ ਦੀ ਬਰਾਬਰੀ ਕਰਨ ਦੀ ਹੋੜ ਲੱਗੀ ਹੋਈ ਸੀ।'

ਇਸ ਨਵੇਂ ਉਸਰ ਰਹੇ ਜਾਂ ਉਸਾਰੇ ਜਾ ਰਹੇ ਵਰਤਾਰੇ ਦਾ ਅਸਰ ਅਜੋਕੇ ਸਮਾਜ ਵਾਂਗ ਨਾਵਲੀ ਪਾਠ ਵਿੱਚ ਬਾਖੂਬੀ ਸਿਰਜਿਆ ਗਿਆ ਹੈ। ਵਿਆਹ/ਸ਼ਾਦੀਆਂ ਘਰਾਂ ਦੇ ਵਿਹੜਿਆਂ ਵਿੱਚੋਂ ਨਿਕਲ ਕੇ ਮੈਰਿਜ ਪੈਲੇਸਾਂ ਵਿੱਚ ਪਹੁੰਚ ਗਏ। ਜ਼ਿੰਦਗੀ 'ਚ ਲਿਸ਼ਕ-ਪੁਸ਼ਕ ਸੱਚ 'ਤੇ ਪਰ

13-Aug-Sunday.qxd 8/12/2023 10:33 PM Page 6

'ਵੀਹਵੀਂ ਸਦੀ ਦੀਆਂ ਕੁਝ ਸਾਹਿਤਕ ਵੰਨਗੀਆਂ' ਪੁਸਤਕ ਲੋਕ ਅਰਪਣ

ਜਲੰਧਰ-ਸਵ. ਰਣਜੀਤ ਸਿੰਘ ਖੜਗ ਦੀਆਂ ਚੋਣਵੀਆਂ ਵਾਰਤਿਕ ਰਚਨਾਵਾਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਵੀਹਵੀਂ ਸਦੀ ਦੀਆਂ ਕੁਝ ਸਾਹਿਤਕ ਵੰਨਗੀਆਂ' ਦਾ ਲੋਕ ਅਰਪਣ ਸਮਾਗਮ ਅੱਜ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਰਚਾਇਆ ਗਿਆ, ਜਿਸ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਨੇ ਕੀਤੀ। ਉਨ੍ਹਾਂ ਦੇ ਨਾਲ ਡਾ. ਹਰਜਿੰਦਰ ਸਿੰਘ ਅਟਵਾਲ, ਕੁਲਦੀਪ ਸਿੰਘ ਬੇਦੀ, ਡਾ. ਅਨੂਪ ਸਿੰਘ, ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਚੇਤਨ ਸਿੰਘ ਤੇ ਰਣਜੀਤ ਮੈਗਜ਼ੀਨ ਦੇ ਮੁੱਖ ਸੰਪਾਦਕ ਇੰਜ. ਕਰਮਜੀਤ ਸਿੰਘ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ। ਜ਼ਿਕਰਯੋਗ ਹੈ ਕਿ ਇਹ ਪੁਸਤਕ ਪ੍ਰਸਿੱਧ ਗਲਪਕਾਰ ਕੁਲਦੀਪ ਸਿੰਘ ਬੇਦੀ ਵੱਲੋਂ ਸੰਪਾਦਿਤ ਕੀਤੀ ਗਈ ਹੈ। ਸਭ ਤੋਂ ਪਹਿਲਾਂ ਕੁਲਦੀਪ ਸਿੰਘ ਬੇਦੀ ਨੇ ਪੁਸਤਕ ਬਾਰੇ ਤੇ ਖੜਗ ਜੀ ਦੀ ਸਾਹਿਤਕ ਸਾਧਨਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਪਰੰਤ ਪੁਸਤਕ ਨੂੰ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਣ ਕੀਤਾ ਗਿਆ। ਉਸ ਤੋਂ ਬਾਅਦ ਬਟਾਲਾ ਤੋਂ ਆਏ ਪ੍ਰਸਿੱਧ ਵਿਦਵਾਨ ਡਾ. ਅਨੂਪ ਸਿੰਘ ਨੇ ਪੁਸਤਕ ਬਾਰੇ ਆਪਣਾ ਵਿਸਤਰਿਤ ਪਰਚਾ ਪੇਸ਼ ਕੀਤਾ। ਉਨ੍ਹਾ ਕਿਹਾ ਕਿ ਹੁਣ ਵਕਤ ਆ ਗਿਆ ਹੈ ਕਿ ਖੜਗ ਜੀ ਦੇ ਸਾਹਿਤ ਉੱਪਰ ਯੂਨੀਵਰਸਿਟੀ ਪੱਧਰ ਦਾ ਖੋਜ ਕਾਰਜ ਆਰੰਭ ਕੀਤਾ ਜਾਵੇ। ਉਨ੍ਹਾਂ ਜਿੱਥੇ ਖੜਗ ਜੀ ਦੀਆਂ ਪੁਸਤਕ ਵਿਚ ਸ਼ਾਮਲ ਰਚਨਾਵਾਂ ਦਾ ਗਹਿਣ ਅਧਿਐਨ ਪੇਸ਼ ਕੀਤਾ, ਉੱਥੇ ਪੁਸਤਕ ਦੇ ਸੰਪਾਦਕ ਕੁਲਦੀਪ ਸਿੰਘ ਬੇਦੀ ਦੀ ਸੰਪਾਦਨ ਕਲਾ ਦੀ ਸਿਫਤ ਵੀ ਕੀਤੀ। ਡਾ. ਹਰਜਿੰਦਰ ਸਿੰਘ ਅਟਵਾਲ ਨੇ ਖੜਗ ਜੀ ਦੀਆਂ ਰਚਨਾਵਾਂ ਸੰਬੰਧੀ ਆਪਣਾ ਨਿਵੇਕਲਾ ਅਧਿਐਨ ਪ੍ਰਸਤੁਤ ਕਰਦਿਆਂ ਉਨ੍ਹਾਂ ਨੂੰ ਇਕ ਬਹੁ-ਵਿਧਾਵੀ ਲੇਖਕ ਵਜੋਂ ਪੇਸ਼ ਕਰਦਿਆਂ ਖੜਗ ਜੀ ਨੂੰ ਵੀਹਵੀਂ ਸਦੀ ਦਾ ਪ੍ਰਮੁੱਖ ਲੇਖਕ ਆਖਿਆ। ਡਾ. ਲਖਵਿੰਦਰ ਸਿੰਘ ਜੌਹਲ ਨੇ ਰਣਜੀਤ ਸਿੰਘ ਖੜਗ ਦੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪਲੇਸਮੈਂਟ ਉੱਪਰ ਜ਼ੋਰ ਦਿੰਦਿਆਂ ਉਨ੍ਹਾਂ ਨੂੰ ਰੇਖਾ ਚਿੱਤਰ ਦਾ ਮੋਢੀ ਕਿਹਾ। ਉਨ੍ਹਾਂ ਖੜਗ ਪਰਵਾਰ ਦੀ ਸ਼ਲਾਘਾ ਕੀਤੀ, ਜੋ ਇਸ ਸਾਹਿਤ ਨੂੰ ਛਪਵਾ ਰਹੇ ਹਨ। ਇਸ ਸਮਾਗਮ ਵਿਚ ਸਰਵਸ੍ਰੀ ਜਗਦੀਸ਼ ਰਾਣਾ, ਸੰਗਤ ਰਾਮ, ਨੱਕਾਸ਼ ਚਿੱਤੇਵਾਨੀ, ਪ੍ਰਕਾਸ਼ ਕੌਰ, ਬਲਵੀਰ ਕੌਰ, ਹਰਜਿੰਦਰ ਕੌਰ, ਰਾਜਪਾਲ ਕੌਰ, ਜੋਗਿੰਦਰ ਸੰਧੂ, ਮੇਜਰ ਰਿਸ਼ੀ, ਪ੍ਰੇਮ ਸਾਗਰ, ਡਾ. ਪਰਮਜੀਤ ਸਿੰਘ ਮਾਨਸਾ, ਰਘਵੀਰ ਸਿੰਘ ਸੋਹਲ, ਸੁਰਜੀਤ ਸਿੰਘ ਸਸਤਾ ਆਯਰਨ, ਜਸਪਾਲ ਜ਼ੀਰਵੀ ਆਦਿ ਸਰੋਤਿਆਂ ਨੇ ਸ਼ਿਰਕਤ ਕੀਤੀ। ਅਖੀਰ ਵਿਚ ਇੰਜ. ਕਰਮਜੀਤ ਸਿੰਘ ਨੇ ਸਭ ਦਾ ਧੰਨਵਾਦ ਕਰਦਿਆਂ ਸਭ ਨੂੰ ਚਾਹ ਦਾ ਸੱਦਾ ਦਿੱਤਾ। ਮੰਚ ਦਾ ਸੰਚਾਲਨ ਡਾ. ਰਾਮ ਮੂਰਤੀ ਨੇ ਕੀਤਾ।

—ਕੁਲਦੀਪ ਸਿੰਘ ਬੇਦੀ

ਸਾਹਿਤ ਚਿੰਤਨ ਦੀ ਮਾਸਿਕ ਇਕੱਤਰਤਾ

ਚੰਡੀਗੜ੍ਹ-ਸਾਹਿਤ ਚਿੰਤਨ ਦੀ ਮਾਸਿਕ ਇਕੱਤਰਤਾ ਅਕਸ਼ੇ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਨ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਮਨੀਪੁਰ ਅਤੇ ਨੂਹ ਹਿੰਸਾ ਦੀ ਨਿੰਦਾ ਕਰਦੇ ਹੋਏ ਮੁਲਜ਼ਮਾਂ ਨੂੰ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਗਈ। ਡਾ. ਵਿਜਿਆ ਸਿੰਘ ਦੇ ਨਵੇਂ ਕਾਵਿ ਸੰਗ੍ਰਹਿ-'ਪਾਰਕ ਮੇਂ ਹਾਥੀ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਸ਼ਿਵਾਨੀ ਚੋਪੜਾ ਨੇ ਕਿਹਾ ਕਿ ਅਜੋਕੇ ਸਿਆਸੀ ਸੰਕਟ ਦੇ ਦੌਰ ਵਿੱਚ ਨੈਤਿਕ ਮੁੱਲਾਂ ਵਾਲੀ ਕਵਿਤਾ ਦਾ ਬਹੁਤ ਮਹੱਤਵ ਹੈ। ਵੰਡ-ਪਾਊ ਸਿਆਸਤ ਕੀਤੀ ਜਾ ਰਹੀ ਹੈ। ਕਵਿਤਾ ਨਵੇਂ ਸੁਪਨੇ ਤੇ ਊਰਜਾ ਲੈ ਕੇ ਆਉਂਦੀ ਹੈ। ਡਾ. ਰਾਜੇਸ਼ ਜੈਸਵਾਲ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਕਵਿਤਾ ਆਦਮੀ ਹੋਣ ਦੀ ਤਾਮੀਜ਼ ਹੈ। ਡਾ. ਹਰਮੇਲ ਸਿੰਘ ਨੇ ਕਿਹਾ ਕਿ ਕਵਿਤਾ ਮਾਨਵ ਤੋਂ ਅੱਗੇ ਬੇਜ਼ੁਬਾਨ ਜੀਵਾਂ ਤੱਕ ਪਹੁੰਚਦੀ ਹੈ। ਬੰਦੇ ਦੀਆਂ ਸੰਵੇਦਨਾਵਾਂ ਪਥਰਾ ਗਈਆਂ ਹਨ। ਡਾ. ਸਤਪਾਲ ਸਹਿਗਲ ਨੇ ਕਿਹਾ ਕਿ ਇਹ ਹਿੰਦੀ ਦੀ ਸ੍ਰੇਸ਼ਟ ਕਵਿਤਾ ਵਿੱਚ ਸ਼ਾਮਲ ਕੀਤੀ ਜਾ ਸਕਦੀ ਹੈ। ਡਾ. ਜਸਪਾਲ ਸਿੰਘ ਨੇ ਕਿਹਾ ਕਿ ਕਵੀ ਨੂੰ ਅਸਤਿਤਵੀ ਵਜੂਦ ਤੋਂ ਅੱਗੇ ਤੁਰਨਾ ਚਾਹੀਦਾ ਹੈ। ਮਰਨਾਊ ਸਿੰਬਲ ਜ਼ਿਆਦਾ ਨਹੀਂ ਵਰਤਣੇ ਚਾਹੀਦੇ। ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਕਵਿਤਾ ਵਿੱਚ ਜਾਨ ਹੈ। ਇਹ ਆਪ ਮੁਹਾਰੇ ਬੋਲਦੀ ਹੈ। ਡਾ. ਸ਼ਿਵਾਨੀ ਚੋਪੜਾ ਨੇ ਬਹਿਸ ਦਾ ਉੱਤਰ ਦਿੰਦਿਆਂ ਕਿਹਾ ਕਿ ਕਵਿਤਾ ਵਿੱਚ ਹਾਸ਼ੀਆਗਤ ਲੋਕਾਂ ਅਤੇ ਜੀਵਾਂ ਦੇ ਬਿੰਬ ਆਏ ਹਨ। ਸੱਤਾ ਦੇ ਸਾਹਮਣੇ ਵਿਅਕਤੀ ਕਮਜ਼ੋਰ ਹੈ। ਕਾਨੂੰਨ ਵੀ ਤਕੜੇ ਦਾ ਹੈ। ਡਾ. ਵਿਜਿਆ ਸਿੰਘ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਮੇਰੀ ਸਾਰੀ ਕਵਿਤਾ ਸਿਆਸੀ ਰੰਗ ਵਾਲੀ ਹੈ। ਦੇਹ ਸਰੋਕਾਰ ਹੋਣੇ ਕੋਈ ਗਲਤ ਨਹੀਂ ਹੈ। ਮੇਰੇ ਘਰ ਉੱਤੇ ਅਣਗੌਲੇ ਜੀਵ ਤੇ ਪੰਛੀਆਂ ਦਾ ਵੀ ਓਨਾ ਹੀ ਅਧਿਕਾਰ ਹੈ। ਡਾ. ਅਕਸ਼ੇ ਕੁਮਾਰ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਇਹ ਬਿਨਾਂ ਸ਼ਰਤ ਪਿਆਰ ਦੀ ਕਵਿਤਾ ਹੈ। ਪਿਆਰ ਵਿੱਚ ਤਨਾਅ ਤੇ ਲੈਣ-ਦੇਣ ਹੁੰਦਾ ਹੈ। ਅਜਿਹੇ ਦੌਰ ਵਿੱਚ ਕਵਿਤਾ ਹੀ ਬੰਦੇ ਦਾ ਸਹਾਰਾ ਬਣਦੀ ਹੈ। ਡਾ. ਅਰੀਤ ਕੌਰ ਨੇ ਧੰਨਵਾਦ ਸਮੇਂ ਬੋਲਦਿਆਂ ਕਿਹਾ ਕਿ ਔਰਤਾਂ ਦਾ ਵੱਡਾ ਵਰਗ ਲਤਾੜਿਆ ਤੇ ਨਪੀੜਿਆ ਹੋਇਆ ਹੈ। ਕਵਿਤਾ ਦੀਆਂ ਬਗਾਵਤੀ ਸੁਰਾਂ ਸਲਾਹੁਣਯੋਗ ਹਨ।

ਸਮਕਾਲ

ਵਰਿਆਮ : ਅਗਸਤ 2023

ਇਸ ਅੰਕ ਦੀ ਸੰਪਾਦਕੀ ਪੰਜਾਬੀਆਂ ਦੇ ਲੜਾਤੇ ਜਾਣ ਤੇ ਮੁੜ ਉੱਠਣ ਦੀ ਲਗਾਤਾਰਤਾ ਦਾ ਜ਼ਿਕਰ ਕਰਦੀ ਹੈ। ਸੰਪਾਦਕੀ ਲਿਖਣ ਦਾ ਬਹਾਨਾ ਪੰਜਾਬ ਵਿਚਲੇ ਹੜ੍ਹ ਦੇ ਕਹਿਰ ਸਮੇਂ ਲੋਕਾਂ ਵੱਲੋਂ ਹੜ੍ਹਾਂ ਵਿੱਚ ਫਸੇ ਲੋਕਾਂ ਦੀ ਕੀਤੀ ਮਦਦ ਬਣਿਆ ਲੱਗਦਾ ਹੈ। ਪੰਜਾਬੀਆਂ ਨੇ ਬਿਨਾਂ ਕਿਸੇ ਭਿੰਨ-ਭੇਦ ਦੇ ਇਹ ਕਾਰਜ ਨਿਭਾਇਆ। ਬਾਨੀ ਸੰਪਾਦਕ ਜਗਦੀਸ਼ ਸਿੰਘ ਵਰਿਆਮ ਦੇ ਸਫਰਨਾਮੇ 'ਪੂਰਬੀ ਅਫਰੀਕਾ ਦੀ ਯਾਤਰਾ' ਦਾ ਚੌਥਾ ਭਾਗ ਇਸ ਅੰਕ ਦੀ ਸ਼ੋਭਾ ਵਧਾਉਂਦਾ ਹੈ। ਨਰੈਣ ਸਿੰਘ ਵੱਲੋਂ 'ਕੁਦਰਤ ਦੀ ਮਾਰ' ਸਿਰਲੇਖ ਹੇਠ ਇਸ ਕੁਦਰਤੀ ਮਾਰ ਦੇ ਨਾਲ-ਨਾਲ ਪ੍ਰਬੰਧਕੀ ਖਾਮੀਆਂ ਦਾ ਵੀ ਜ਼ਿਕਰ ਕੀਤਾ ਹੈ। ਕੂਕਾ ਲਹਿਰ ਦੇ ਅਮਰ ਨਾਇਕ ਵਾਲੇ ਕਾਲਮ ਵਿੱਚ ਇਸ ਵਾਰ ਸੁਵਰਨ ਸਿੰਘ ਵਿਰਕ ਹੁਰਾਂ ਨੇ ਬਾਬਾ ਸਾਹਿਬ ਸਿੰਘ ਭੰਮਾ ਬੱਦੀ ਬਾਰੇ ਲਿਖਿਆ ਹੈ। ਤਾਰਾ ਸਿੰਘ ਅਨਜਾਣ ਦੀ ਸਵੈ-ਜੀਵਨੀ ਦਾ ਇੱਕ ਹਿੱਸਾ ਵੀ ਹੈ। ਗੁਰਬਚਨ ਸਿੰਘ ਭੁੱਲਰ ਵੱਲੋਂ ਆਪਣੇ ਪਿਛਲੇ ਮਹੀਨੇ ਦੇ ਲੇਖ ਨੂੰ ਵੀ ਅੱਗੇ ਤੋਰਿਆ ਹੈ, ਜੋ ਤੇਜਾ ਸਿੰਘ ਸੁਤੰਤਰ ਦੇ ਜਰਨੈਲੀ ਕਾਰਨਾਮਿਆਂ ਦਾ ਜ਼ਿਕਰ ਕਰਦਾ ਹੈ। ਕੈਲਵੀ ਦੀ ਗਜ਼ਲ, ਪੱਤੋ ਦੀ ਕਵਿਤਾ, ਸ਼ਾਇਰ ਲੋਚੀ ਦਾ ਲਘੂ ਲੇਖ, ਅੰਜੂ ਵਰੱਤੀ ਦੀ ਕਵਿਤਾ ਨਾਲ ਇਸ ਅੰਕ ਵਿੱਚ ਸਾਹਿਤਕ ਰੰਗ ਵੀ ਭਰਿਆ ਹੈ।

ਪੰਨੇ : 52, ਮੁੱਲ : 40 ਰੁਪਏ, ਸੰਪਾਦਕ : ਡਾ. ਰਜਵੰਤ ਕੌਰ, ਸੰਪਰਕ : ਮਾਸਿਕ ਵਰਿਆਮ ਲਾਡੋਵਾਲੀ ਰੋਡ, ਜਲੰਧਰ-144001 (ਮੋ:) 98786-16996

ਜਾਗੋ ਇੰਟਰਨੈਸ਼ਨਲ : ਅਕਤੂਬਰ 2022-ਸਤੰਬਰ 2023

ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ:) ਵੱਲੋਂ ਇਸ ਸੱਜਰੇ ਅੰਕ ਵਿੱਚ ਤ੍ਰੈਮਾਸਿਕ ਦੇ ਚਾਰ ਅੰਕ (91, 92, 93, 94) ਸ਼ਾਮਲ ਕੀਤੇ ਗਏ ਹਨ। ਸੰਪਾਦਕੀ ਪੰਜਾਬੀ ਸੱਭਿਅਤਾ ਨੂੰ ਉਭਾਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਸੰਪਾਦਕੀ ਇਸ ਰਾਏ ਨੂੰ ਦ੍ਰਿੜ ਕਰਦੀ ਹੈ ਕਿ ਅਜੋਕੇ ਮਾਹੌਲ ਵਿੱਚ ਮਾਨਵੀ-ਸਮਾਜੀ ਤਣਾਓ ਨੂੰ ਘੱਟ ਕਰਨ ਲਈ ਪੰਜਾਬੀਅਤ ਦੇ ਸੰਕਲਪ ਨੂੰ ਉਭਾਰਨ, ਪ੍ਰਸਾਰਨ ਅਤੇ ਅਪਣਾਉਣ ਦੀ ਲੋੜ ਹੈ। ਪੰਜਾਬੀਅਤ ਦਾ ਇਹ ਸੰਕਲਪ ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ 'ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਂਅ 'ਤੇ' ਵਾਲੇ ਸੰਕਲਪ ਵਰਗਾ ਹੈ। ਮਾਲਵਾ ਇਤਿਹਾਸ ਦੀ ਭੂਮਿਕਾ ਦੀ ਇੱਕ ਲੜੀ ਪੇਸ਼ ਹੋਈ ਹੈ। ਸ਼ੇਰ ਸਿੰਘ ਕੰਵਲ ਦੀ 'ਖੇਸ ਦੀ ਬੁੱਕਲ' ਲੰਮੀ ਕਵਿਤਾ, ਅਮਰਜੀਤ ਕਸਕ, ਸਾਧੂ ਸਿੰਘ ਪਨਾਗ, ਗੁਰਭਜਨ ਗਿੱਲ ਅਤੇ ਹੋਰਾਂ ਦੀਆਂ ਕਾਵਿ ਵੰਨਗੀਆਂ ਪੇਸ਼ ਹਨ। ਗਿਆਨੀ ਕਰਤਾਰ ਸਿੰਘ ਦੇ ਵਿਅਕਤੀਤਵ ਨਾਲ ਜੁੜੀਆਂ ਗੱਲਾਂ ਗੁਰਭੇਜ ਸਿੰਘ ਵੱਲੋਂ ਬਹੁਤ ਹੀ ਰੋਚਿਕਤਾ ਨਾਲ ਪੇਸ਼ ਕੀਤੀਆਂ ਹਨ। ਉਸ ਦੀ ਸਾਦਗੀ ਦੇ ਨਾਲ-ਨਾਲ ਤੀਖਣ ਸੂਝ ਦਾ ਵੀ ਜ਼ਿਕਰ ਹੈ। ਇਸੇ ਹੀ ਤਰ੍ਹਾਂ ਡਾ. ਭਗਵੰਤ ਸਿੰਘ ਵੱਲੋਂ ਸਿਰਦਾਰ ਕਪੂਰ ਸਿੰਘ ਦਾ ਵਿਅਕਤੀਤਵ ਪੇਸ਼ ਕੀਤਾ ਗਿਆ ਹੈ। ਪਰਵਾਸ ਬਾਰੇ ਡਾ. ਸਵਰਾਜ ਸਿੰਘ ਦਾ ਬਹੁਤ ਹੀ ਮਹੱਤਵਪੂਰਨ ਲੇਖ ਹੈ। ਡਾ. ਸਵਰਾਜ ਸਿੰਘ ਪਰਵਾਸ ਦੇ ਚੰਗੇ/ਮਾੜੇ ਰੂਪਾਂ ਨੂੰ ਭਲੀ-ਭਾਂਤ ਸਮਝਦੇ ਵੀ ਹਨ ਤੇ ਬੇਬਾਕੀ ਨਾਲ ਬੇਝਿਜਕ ਹੋ ਕੇ ਪੇਸ਼ ਕਰਨ ਦੀ ਸਮਰੱਥਾ ਵੀ ਰੱਖਦੇ ਹਨ। ਭਾਸ਼ਾ ਅਤੇ ਸਾਹਿਤ ਬਾਰੇ ਵੀ ਕੁਝ ਲੇਖ ਹਨ। ਗੀਵਿਊ-ਪੜਚੋਲਵੀ ਹੈ।

ਪੰਨੇ : 122, ਮੁੱਲ : 200 ਰੁਪਏ, ਮੁੱਖ ਸੰਪਾਦਕ : ਡਾ. ਭਗਵੰਤ ਸਿੰਘ, ਸੰਪਰਕ : ਪਿੰਡ ਤੇ ਡਾਕਖਾਨਾ ਮੰਗਵਾਲ, ਜ਼ਿਲ੍ਹਾ ਸੰਗਰੂਰ-148001 (ਮੋ:) 98148-51500

ਰੂਪਾਂਤਰ : ਜੁਲਾਈ-ਸਤੰਬਰ 2023

ਇਸ ਅੰਕ ਦੀ ਸੰਪਾਦਕੀ ਪਦਾਰਥਵਾਦ ਸਿਰਲੇਖ ਵਾਲੀ ਹੈ ਅਤੇ ਜ਼ਿੰਦਗੀ ਵਿੱਚ ਵਧ ਰਹੇ ਪਦਾਰਥਵਾਦੀ ਰੁਝਾਨ ਦੀ ਗੱਲ ਕਰਦੀ ਹੈ। ਪੂਰਨ ਸਿੰਘ ਦਾ ਸਥਾਈ ਕਾਲਮ ਵਿਸ਼ਵ ਦੇ ਮਹਾਨ ਚਿੰਤਕ ਵਿੱਚ ਇਸ ਵਾਰ ਪਰਮੀਨਾਈਡੀਜ਼ ਬਾਰੇ ਲਿਖਿਆ ਹੈ। ਮਰਹੂਮ ਉਲਫਤ ਬਾਜਵਾ ਦੀਆਂ ਗਜ਼ਲਾਂ, ਅਰਸ਼ਦ ਮਨਜ਼ੂਰ ਅਤੇ ਇਰਫਾਨ ਵਾਰਿਸ ਦੀਆਂ ਗਜ਼ਲਾਂ ਵੀ ਹਨ। ਕੁਝ ਹੋਰ ਲੇਖ, ਗੀਤ, ਕਵਿਤਾਵਾਂ ਨਾਲ ਸਜਿਆ ਹੈ ਇਹ ਅੰਕ।

ਪੰਨੇ : 80, ਮੁੱਲ : 50 ਰੁਪਏ, ਸੰਪਾਦਕ : ਧਿਆਨ ਸਿੰਘ ਸ਼ਾਹ ਸਿਕੰਦਰ, ਸੰਪਰਕ : ਰੂਪਾਂਤਰ ਨਗਰ, ਨਿਕਾਸੀ ਰੋਡ, ਦੀਨਾਨਗਰ-143531, ਜ਼ਿਲ੍ਹਾ ਗੁਰਦਾਸਪੁਰ (ਮੋ:) 98148-22601

ਸ਼ਬਦ ਤ੍ਰਿੰਜਣ : ਅਪ੍ਰੈਲ-ਜੂਨ 2023

ਹਾਸ ਵਿਅੰਗ ਦੇ ਇਸ ਮੈਗਜ਼ੀਨ ਵਿੱਚ ਸੰਪਾਦਕ ਰੱਬ ਨੂੰ ਵੰਗਾਰ ਹੈ। ਮਰਹੂਮ ਸ਼ੇਰ ਜੰਗ ਜਾਂਗਲੀ, ਡਾ. ਮੋਨੋਜੀਤ, ਪ੍ਰੋ. ਪਰਮਜੀਤ ਢੀਂਗਰਾ, ਬਲਜੀਤ ਸਿੱਧੂ, ਤਰਸੇਮ ਸਿੰਘ ਭੰਗੂ ਦੇ ਲੇਖ, ਹਰਜਿੰਦਰ ਕੌਰ ਜੱਜ, ਹਰਸਿਮਰਤ ਕੌਰ, ਸੁੰਦਰਪਾਲ ਪ੍ਰੇਮੀ ਸੁਖਵਿੰਦਰ ਕੌਰ ਆਹੀ ਦੀਆਂ ਕਾਵਿ ਰਚਨਾਵਾਂ, ਸੁਰਜੀਤ ਦੇਵਲ ਦਾ ਬਾਲ ਕਾਵਿ ਦੇ ਨਾਲ-ਨਾਲ ਵਿਅੰਗਮਾਤਮਕ ਮਿੰਨੀ ਕਹਾਣੀਆਂ ਵੀ ਹਨ।



ਪੰਨੇ : 60, ਮੁੱਲ : 30 ਰੁਪਏ, ਸੰਪਾਦਕ : ਮੰਗਤ ਰਾਏ ਮਿੱਤਲ, ਸੰਪਰਕ : 94177-53892

- ਹਰਜਿੰਦਰ ਅਟਵਾਲ (ਡਾ.)

ਰੇਣੂਕਾ, ਸੁੱਖੀ ਬਾਠ ਤੇ ਡਾ. ਚੋਪੜਾ ਦਾ ਸਨਮਾਨ

ਲੰਡਨ-ਪਿਛਲੇ ਦਿਨੀਂ ਲੰਡਨ ਵਿਖੇ ਇੱਕ ਬਹੁਤ ਹੀ ਖੂਬਸੂਰਤ ਮਿਲਣੀ ਹੋਈ, ਜਿਸ ਵਿੱਚ ਤਿੰਨੇ ਸ਼ਖਸੀਅਤਾਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੀ ਜ਼ਿੰਦਗੀ ਦੇ ਤਜਰਬਿਆਂ ਤੋਂ ਸਭ ਨੂੰ ਜਾਣੂ ਕਰਵਾਇਆ। ਸੁੱਖੀ ਬਾਠ ਨੇ ਕਿਹਾ, ਮੈਂ ਕੋਈ ਸਾਹਿਤਕਾਰ ਨਹੀਂ ਹਾਂ, ਪਰ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ, ਸਮਾਜ ਵਿੱਚ ਵਿੱਸਰਿਆ ਹੋਇਆ ਭਲਾਈ ਦੇ ਕੰਮਾਂ ਵਿੱਚ ਇੱਕ ਸੇਵਕ ਵਜੋਂ ਕੰਮ ਕਰ ਰਿਹਾ ਹਾਂ। ਮਹਿੰਦਰ ਧਾਲੀਵਾਲ ਦੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਆਪ ਨੇ ਕਿਹਾ ਕਿ ਸਾਹਿਤਕ ਭਾਈਚਾਰਾ ਸਮਾਜ ਨੂੰ ਬਦਲ ਸਕਦਾ ਹੈ। ਇਸ ਤੋਂ ਬਾਅਦ ਰੇਣੂਕਾ ਜੀ ਨੇ ਕਿਹਾ ਕਿ ਉਨ੍ਹਾਂ ਦੇ ਸਵਰਗਵਾਸੀ ਪਿਤਾ ਭਾਪਾ ਪ੍ਰੀਤਮ ਸਿੰਘ ਜੀ ਵੱਲੋਂ ਦਿੱਲੀ ਵਿੱਚ ਸ਼ੁਰੂ ਕੀਤੀ ਸੰਸਥਾ ਪੰਜਾਬੀ ਭਵਨ ਵੱਲੋਂ ਪੰਜਾਬੀ ਦੀ ਪ੍ਰਫੁਲਤਾ ਲਈ ਅੱਜ ਵੀ ਬਹੁਤ ਕੰਮ ਕੀਤਾ ਜਾ ਰਿਹਾ ਹੈ। ਜੇ ਕਿਸੇ ਵੀ ਲੇਖਕ ਨੇ ਕੋਈ ਕਿਤਾਬ ਛਪਵਾਉਣੀ ਹੋਵੇ ਤਾਂ ਨਵਯੁੱਗ ਪ੍ਰਕਾਸ਼ਨ ਵੱਲੋਂ ਉਸ ਨੂੰ ਵੇਖ-ਪਰਖ ਕੇ ਵਧੀਆ ਛਪਾਈ ਲਈ ਅਸੀਂ ਵਚਨਬੱਧ ਹਾਂ, ਕਿਉਂਕਿ ਨਵਯੁੱਗ ਅਦਾਰਾ ਇੱਕ ਐਸਾ ਪ੍ਰਕਾਸ਼ਨ ਹਾਊਸ ਹੈ, ਜਿਸ ਨੇ ਕਦੇ ਵੀ ਲਿਖਤ ਨਾਲ ਸਮਝੌਤਾ ਨਹੀਂ ਕੀਤਾ ਅਤੇ ਸਿਰਫ ਮਿਆਰੀ ਲਿਖਤਾਂ ਨੂੰ ਹੀ ਛਾਪਿਆ ਹੈ। ਆਪ ਨੇ ਇਹ ਵੀ ਦੱਸਿਆ ਕਿ ਪੰਜਾਬੀ ਭਵਨ ਵੱਲੋਂ ਅਨੇਕਾਂ ਲਾਇਬ੍ਰੇਰੀਆਂ ਨੂੰ ਸੈਂਕੜੇ ਹੀ ਕਿਤਾਬਾਂ ਮੁਫਤ ਭੇਜੀਆਂ ਜਾਂਦੀਆਂ ਹਨ ਤੇ ਅਸੀਂ ਇਸ ਕਾਰਜ ਲਈ ਹਮੇਸ਼ਾ ਹੀ ਯਤਨਸ਼ੀਲ ਰਹੇ ਹਾਂ।

ਇਸ ਤੋਂ ਬਾਅਦ ਡਾ. ਚੋਪੜਾ ਨੇ ਦੱਸਿਆ ਕਿ ਉਹ ਭਾਵੇਂ ਮੈਡੀਕਲ ਡਾਕਟਰ ਹਨ, ਪਰ ਇਸ ਦੇ ਨਾਲ-ਨਾਲ ਉਹ ਇੱਕ ਕਾਸ਼ਤਕਾਰ ਵੀ ਹਨ। ਉਹਨਾ ਕਿਹ

ਅਨੂ ਬਾਲਾ ਦੀਆਂ ਨਵੀਂਆਂ ਕਵਿਤਾਵਾਂ

ਐਨਾ ਨਾ ਤਣ ਕੇ ਖਲੋ

ਕਿ ਦਿਖ ਨਾ ਸਕੇ ਪੈਰਾਂ ਕੋਲ਼ ਉੱਗੀ ਘਾਹ

ਥੋੜ੍ਹਾ ਫੈਲ ਵੀ ਚਾਰੇ ਪਾਸੇ
ਕਿ ਬਣ ਸਕੇ ਛਾਂ ਤੇਰੀ
ਜੜ੍ਹਾਂ ਨੂੰ ਹੋਰ ਗਹਿਰਾ ਕਰ

ਮੌਲਣ-ਵਿਗਸਣ ਲਈ
ਜ਼ਰੂਰਤ ਹੁੰਦੀ ਹੈ ਨਮੀ ਦੀ
ਨਮੀ ਮਿਲਦੀ ਹੈ ਧਰਤੀ ਦੇ ਸੀਨੇ 'ਚੋਂ

ਖਲੋਣ, ਫੈਲਣ, ਗਹਿਰਾ ਹੋਣ ਲਈ
ਪਹਿਲਾਂ ਧਰਤੀ ਬਾਰੇ ਜਾਣ।

ਉਡਾਰੀ

ਮੇਰੇ ਨਿੱਕੇ ਨਿੱਕੇ ਬੋਟ
ਹੋ ਗਏ ਆਪਣੇ ਪਰਾਂ 'ਤੇ
ਮਲਕੜੇ ਜਿਹੇ ਉਡ ਗਏ ਮੇਰੇ ਖੰਭਾਂ ਹੇਠੋਂ
ਲੱਭਣ ਲਈ ਆਪਣੇ ਆਕਾਸ਼

ਬਣਾ ਲਏ ਕਿਤੇ ਦੂਰ ਆਪਣੇ ਅੱਡ ਆਲ੍ਹਣੇ

ਮੇਰੇ ਸਮੁੰਦਰ ਵਿੱਚੋਂ ਵਾਸ਼ਪੀਤ ਹੋ ਗਏ ਉਹ
ਕਸ਼ੀਦ ਲਏ ਰੁਜ਼ਗਾਰ ਦੀ ਤੇਜ਼ ਧੁੱਪ ਨੇ
ਮੈਂ ਸੁੱਕਦੀ ਰਹੀ ਉਹ ਵਰ੍ਹਦੇ ਰਹੇ ਕਿਤੇ ਹੋਰ

ਉਹ ਮੇਰੀ ਹੋਂਦ ਦੇ ਜ਼ੱਰੇ
ਜੜੇ ਗਏ ਮਹਾਨਗਰ ਰੂਪੀ ਪਰਬਤ ਦੀ ਦੇਹੀ 'ਤੇ
ਮੈਂ ਕਰਦੀ ਰਹੀ ਉਡੀਕ
ਮਿੱਟੀ 'ਚ ਮਿੱਟੀ ਹੁੰਦੀ ਰਹੀ
ਕਰਦੀ ਰਹੀ ਦੁਆਵਾਂ
ਆਪਣੇ ਤੋਂ ਦੂਰ ਹੋਏ ਟੁਕੜਿਆਂ ਲਈ
ਜੋ ਟੁੱਟ ਕੇ ਵੀ ਜੁੜੇ ਹਨ ਮੇਰੇ ਨਾਲ
ਉਨ੍ਹਾਂ ਦੀ ਸਲਾਮਤੀ ਲਈ।

ਜ਼ਰੂਰੀ ਨਹੀਂ

ਕਿ ਪਤੀ ਭੇੜੀਆ ਹੀ ਹੋਵੇ
ਰੋਜ਼ ਦੌੜਦਾ ਹੈ ਉਹ ਰਿਜ਼ਕ ਦਿਆਂ ਰਾਹਾਂ 'ਤੇ
ਕੂਲੇ ਜਿਹੇ ਖਰਗੋਸ਼ ਵਾਂਗ
ਜਿੱਤਣ ਲਈ ਤੁਹਾਡੀਆਂ ਜ਼ਰੂਰਤਾਂ ਦੀ ਦੌੜ
ਗ੍ਰਹਿਸਥ ਦੇ ਹਲ ਅੱਗੇ ਬਲਦ ਵਾਂਗ ਜੁੜ ਕੇ
ਘਰ ਨੂੰ ਉਸ ਦੀ ਹੋਂਦ ਦੇ ਅਰਥ ਦਿੰਦਾ ਹੈ ਉਹ
ਚੋਗਾ ਚੁਗ ਕੇ ਲਿਆਉਂਦਾ ਹੈ ਬੋਟਾਂ ਲਈ
ਸੱਤ ਸਮੁੰਦਰੋਂ ਪਾਰ ਵੀ
ਆਲ੍ਹਣੇ ਦੇ ਆਸ-ਪਾਸ ਪਰ ਵੀ ਨਹੀਂ ਫਰਕਣ ਦਿੰਦਾ
ਕਿਸੇ ਅਣਜਾਣ ਪਰਿੰਦੇ ਨੂੰ
ਉਸ ਦੇ ਪਰਾਂ ਦੇ ਆਸਰੇ ਹੀ ਉਡਦੇ ਹਨ
ਤੁਹਾਡੇ ਖ਼ਾਬਾਂ ਦੇ ਪਰਿੰਦੇ

ਕਰੈਡਿਟ ਕਾਰਡ ਵੀ ਹੈ ਉਹ
ਤੁਹਾਡੇ ਰੀਝਾਂ ਦੇ ਭਰੇ ਲਿਫ਼ਾਫ਼ੇ ਅਨ ਲਈ
ਤੁਹਾਡੀ ਸਤਰੰਗੀ ਪੀਂਘ ਲਈ ਹੁਲਾਰਾ ਵੀ ਹੈ ਉਹ
ਤੇ ਰੰਗਲੇ ਪਤੰਗ ਨੂੰ ਕੰਨੀ ਵੀ
ਥੱਮ ਹੁੰਦਾ ਹੈ ਉਹ
ਜਿਸ 'ਤੇ ਟਿਕੀ ਹੁੰਦੀ ਹੈ ਘਰ ਦੀ ਛੱਤ

ਉਸ ਦੀ ਸੁਹਬਤ ਵਿਚ
ਹੋਰ ਫੈਲ ਜਾਂਦਾ ਹੈ ਆਕਾਸ਼
ਹੋਰ ਗੂੜ੍ਹੇ ਹੋ ਜਾਂਦੇ ਨੇ ਰੰਗ
ਹੋਰ ਮਹਿਕਣ ਲੱਗਦੀ ਹੈ ਫੁੱਲਾਂ ਦੀ ਕਿਆਰੀ ਇਬਾਦਤ
ਵਾਂਗ ਤੁਹਾਡੀ ਰੂਹ ਦਾ ਰੱਜ ਹੋ ਜਾਂਦਾ ਹੈ
ਉਹ

ਉਸ ਦੇ ਹੱਥੋਂ ਪੇਸ਼ ਕੀਤਾ
ਸਵੇਰ ਦੀ ਚਾਹ ਦਾ ਪਿਆਰ ਭਰਿਆ ਕੱਪ
ਸੁਗੰਧਿਤ ਤੇ ਉਰਜਿਤ ਕਰ ਦਿੰਦਾ ਹੈ ਤੁਹਾਨੂੰ ਦਿਨ ਭਰ ਲਈ

ਪਤੀ ਭੇੜੀਆ ਨਹੀਂ
ਇਨਸਾਨ ਵੀ ਹੁੰਦਾ ਹੈ
ਇੱਕ ਐਸਾ ਭਗਵਾਨ ਵੀ ਹੁੰਦਾ ਹੈ
ਜਿਸ ਨੂੰ ਰੋਜ਼ ਫ਼ਿਕਰਾਂ ਤੇ ਅਕਾਂਖਿਆਵਾਂ ਦੀ
ਕੱਚੀ ਲੱਸੀ ਚੜ੍ਹਾ ਚੜ੍ਹਾ ਕੇ
ਖੋਰਦੇ ਰਹਿੰਦੇ ਹਾਂ ਅਸੀਂ

ਸਿਰਫ਼ ਇਸ਼ਕ ਦੀਆਂ ਚੂਰੀਆਂ ਹੀ
ਜ਼ਰੂਰੀ ਨਹੀਂ ਕਵਿਤਾ ਲਈ
ਰਸੋਈ ਵਿੱਚ ਰਿੱਝਦੀ ਪੱਕਦੀ ਕਵਿਤਾ ਵੀ
ਹੋ ਸਕਦੀ ਹੈ ਸੁਆਦ ਭਰੀ।

ਆਧੁਨਿਕਤਾ

ਪੁਰਾਣੇ ਸਮਿਆਂ ਦੀ ਮੇਰੀ ਮਾਂ
ਨਹੀਂ ਜਾਣਦੀ ਕਿ ਕਿੰਨੇ ਸਿਆਣੇ ਹੋ ਗਏ
ਉਸ ਦੇ ਆਧੁਨਿਕ ਯੁੱਗ ਦੇ ਬੱਚੇ
ਇੰਟਰਨੈੱਟ ਦੀ ਸ਼ਕਤੀ ਨਾਲ
ਨਿਤਾਰ ਦਿੰਦੇ ਦੁੱਧ 'ਚੋਂ ਪਾਣੀ
ਇੱਕੋ ਕਲਿਕ ਨਾਲ ਖੁੱਲ੍ਹ ਜਾਂਦੀ
ਦੁਨੀਆ ਵਾਲ਼ੀ ਖਿੜਕੀ
ਟੱਚ ਕਰਦੇ ਹੀ ਹਾਜ਼ਰ ਹੁੰਦਾ ਸਭ ਕੁੱਝ
ਬੋਤਲ ਦੇ ਜਿੰਨ ਵਾਂਗੂੰ

ਚੱਕੀ 'ਤੇ ਆਟਾ ਪੀਹਣ ਵਾਲ਼ੀ ਮਾਂ ਨੂੰ ਨਹੀਂ ਪਤਾ
ਕਿ ਰੋਟੀ ਸਟੇਟਸ ਸਿੰਬਲ ਨਹੀਂ ਅੱਜਕਲ੍ਹ
ਬਹੁਤ ਅਪਸ਼ਨਜ ਹਨ ਬਜ਼ਾਰ ਕੋਲ ਹੁਣ
ਅੰਨ ਦੀ ਬਰਕਤ, ਚੁੱਲ੍ਹੇ ਦੀ ਅਜ਼ਮਤ, ਘੜੇ ਦੀ ਸੁੱਚਮ
ਨਹੀਂ ਸਮਝਦੇ ਉਹ ਪੁਰਾਣੀਆਂ ਗੱਲਾਂ ਨੂੰ
ਤੇਰੀ ਖੰਡ ਮਲਾਈ ਤੱਕ ਹੱਥ ਨਹੀਂ ਪੁੱਜਣ ਦੇ ਰਿਹਾ ਫਾਸਟ ਫੂਡ
ਹੈੱਡਫੋਨਾਂ ਨੇ ਖਾ ਲਈਆਂ ਤੇਰੀਆਂ ਬਾਤਾ ਬਤੋਲਿਆਂ
ਹਮਦਰਦੀ ਦੇ ਬੋਲ ਨਹੀਂ ਤੋੜਦੇ ਹੁਣ
ਦੁੱਖਾਂ ਦੇ ਕਿਲ੍ਹੇ ਨੂੰ
ਕੀ ਬੋਰਡ 'ਤੇ ਹੀ ਚੱਲਦੀਆਂ ਉਂਗਲਾਂ
ਹਵਾ ਨਾਲ ਗੱਲਾਂ ਕਰਦੀਆਂ
ਕਿ ਰਿਸ਼ਤੇ ਪਿਆਰ ਨਾਲ ਨਹੀਂ
ਗਰਜ਼ਾਂ ਨਾਲ ਨਿਭਦੇ ਹੁਣ
ਸਿਰਫ਼ ਪੈਸਾ ਹੀ ਨਿਰਧਾਰਤ ਕਰਦਾ ਜ਼ਿੰਦਗੀ ਦੀ ਗਤੀ ਨੂੰ

ਵਤਨਾਂ ਦੀ ਮਿੱਟੀ ਨੂੰ ਕੋਈ ਨਹੀਂ ਲਾਉਂਦਾ ਮੱਥੇ ਨਾਲ ਹੁਣ
ਕੁਰਾਹੇ ਪੈ ਗਿਆ ਜਵਾਨੀ ਦਾ ਜੋਸ਼ ਤੇ ਜਜ਼ਬਾ
ਭਗਤ ਸਿੰਘ ਦੀ ਕਿਤਾਬ ਦਾ ਮੋੜਿਆ ਪੰਨਾ
ਧਾਹਾਂ ਮਾਰਦਾ ਹੈ
ਮਾਂ ਤੂੰ ਖੁਸ਼ ਹੋ ਕਿ ਸਾਰੀ ਧਰਤੀ ਇੱਕ ਹੈ ਹੁਣ
ਹਜ਼ਾਰਾਂ ਮੀਲ ਦੀ ਦੂਰੀ ਸਕਿੰਟਾਂ ਵਿੱਚ ਤੈਅ ਕਰਕੇ
ਪਹੁੰਚਦਾ ਮੈਸੇਜ
ਘਰ ਵਿੱਚ ਰਹਿੰਦੇ ਲੋਕ ਪਰ ਨਹੀਂ ਸੁਣਦੇ ਇੱਕ ਦੂਜੇ ਦੇ ਬੋਲ

ਮਾਂ ਤੂੰ ਕਹਿੰਦੀ ਹੈਂ ਕਿ
ਰੂਹ ਦੀ ਸੱਚੀ ਆਵਾਜ਼ ਧੁਰ ਦਰਗਾਹੀਂ ਪੁੱਜਦੀ
ਪਰ ਰੂਹਾਂ ਤਾਂ ਦੱਬ ਗਈਆਂ ਵਸਤਾਂ ਦੇ ਬੋਝ ਹੇਠ
ਤੇਰਾ ਕਹਿਣਾ ਕਿ ਸੱਚ ਸਦਾ ਜਿਉਂਦਾ
ਪਰ ਝੂਠ ਦਾ ਜ਼ਹਿਰ ਹੁਣ ਜੰਮ ਚੁੱਕਾ ਲੋਕਾਂ ਦੀਆਂ ਜੀਭਾਂ 'ਤੇ
ਸੱਚ ਦੇ ਕੌੜੇ ਅਮ੍ਰਿਤ ਨੂੰ ਕੌਣ ਚੱਖੇਗਾ ਹੁਣ
ਨਹੀਂ ਜਾਣਦੀ ਮੇਰੀ ਭੋਲ਼ੀ ਮਾਂ ਕਿ ਬਦਲ ਗਿਆ ਹੈ ਬਹੁਤ ਕੁਝ
ਬਦਲ ਜਾਵੇਗਾ ਸਭ ਕੁਝ
ਕਿਤੋਂ ਵੀ ਸਾਬਤ ਨਹੀਂ ਕੁਝ ਵੀ
ਭੁਰਦਾ ਭੁਰਦਾ ਟੁੱਟ ਜਾਵੇਗਾ ਇੱਕ ਦਿਨ
ਭੱਜਦਾ ਭੱਜਦਾ ਡਿਗ ਜਾਵੇਗਾ ਇੱਕ ਦਿਨ
ਦੋ ਗਜ਼ ਜ਼ਮੀਨ 'ਤੇ ਇਹ ਆਦਮੀ

ਕੱਚਾ ਵਿਹੜਾ ਲਿੱਪਦੀ ਮੇਰੀ ਮਾਂ ਠੰਢ ਵਰਤਾਉਂਦੀ
ਪੱਥਰਾਂ ਵਿਚ ਕੈਦ ਪੱਥਰ ਹੋਈਆਂ ਰੂਹਾਂ ਨੂੰ
ਕਿੰਝ ਸਮਝਾਵੇ ਸੰਵੇਦਨਾ ਦੇ ਅਰਥ

ਸਾਰੀ ਜ਼ਿੰਦਗੀ ਸੁਗੰਧਿਤ ਧੂਫ਼ ਦੀ ਤਰ੍ਹਾਂ
ਧੁਖਦੀ ਰਹੀ ਮੇਰੀ ਮਾਂ ਦੀਆਂ ਅੱਖਾਂ ਵਿੱਚ
ਧੂੰਆਂ ਪੈ ਜਾਂਦਾ ਹੈ ਅੱਜਕਲ੍ਹ।

ਖਿਲਾਰਾ

ਮੱਥੇ 'ਚੋਂ ਨਿਕਲਦੀ ਲਾਟ
ਫੜ ਨਹੀਂ ਹੁੰਦੀ ਕਾਗਜ਼ਾਂ ਤੋਂ ਅੱਜਕੱਲ੍ਹ

ਦਿਲ ਦੀ ਲਿਪੀ ਫੈਲ ਜਾਂਦੀ ਨਛੱਤਰਾਂ ਤੱਕ
ਉਦਾਸੀ ਅੱਖਰ ਫੜਨ ਦੌੜਦੀ
ਬਣ ਜਾਂਦੀ ਬੰਸਰੀ ਦੀ ਹੂਕ
ਉਲਝੀ ਜ਼ੁਲਫ ਨੂੰ ਹੋਰ ਉਲਝਾ ਜਾਂਦਾ
ਹਵਾ ਦਾ ਸ਼ਰਾਰਤੀ ਪਣ

ਕਿੱਧਰ ਨੂੰ ਜਾ ਰਹੀ ਹਾਂ ਕਿ
ਖਿੱਲਰ ਰਹੀ ਹਾਂ ਕਣ ਕਣ
ਸਮੇਟਣ ਆ ਹੀ ਨਹੀਂ ਆ ਰਿਹਾ ਆਪਣਾ ਆਪਾ
ਹਨੇਰੀ ਅਉਂਦੀ ਖਿੰਡਾ ਜਾਂਦੀ ਮੇਰੇ ਕਣਾਂ ਨੂੰ

ਆਪਣੇ ਮੱਥੇ 'ਤੇ
ਬਿੰਦੀ ਲਗਾ ਲੈਂਦੀ ਹਾਂ ਅੱਜਕੱਲ੍ਹ।

ਜਾਤ

ਦਿਲ ਦਾ ਵਿਹੜਾ ਸੁੰਭਰਦੀ
ਕੂੜ ਨੂੰ ਹੂੰਝਦੀ

ਅੱਖਾਂ 'ਚ ਪਾਣੀ ਭਰ ਕੇ
ਅੱਖਰਾਂ ਨੂੰ ਸਿੰਜਦੀ
ਖ਼ਿਆਲਾਂ ਨੂੰ ਲੋਹੇ ਵਾਂਗ ਕੁੱਟਦੀ
ਕਿਰਪਾਨ ਬਣਾਦੀ
ਵਿਚਾਰਾਂ ਦਾ ਤਾਣਾ ਬਾਣਾ ਕਰਕੇ
ਗ਼ਜ਼ਲਾਂ ਦਾ ਪਸ਼ਮੀਨਾ ਬੁਣਦੀ
ਮਨ ਦੀ ਠੂਠੀ ਵਿਚ ਯਾਦਾਂ ਦੀਆਂ
ਕੌਡੀਆਂ 'ਕੱਠੀਆਂ ਕਰਕੇ
ਨਜ਼ਮਾਂ ਦੇ ਕਲੀਰੇ ਪਰੋਂਦੀ
ਸਾਰੇ ਰੰਗ ਚੁਗ ਕੇ ਕਾਇਨਾਤ 'ਚੋਂ
ਕੋਰੀ ਕੈਨਵਸ ਨੂੰ ਰੰਗੀਨ ਕਰਦੀ
ਚੰਮ ਦੀ ਜੁੱਤੀ ਬਣਾ ਕੇ
ਪਿਆਰੇ ਦੇ ਪੈਰੀਂ ਪਾਉਣਾ ਲੋਚਦੀ
ਉਧੜੇ ਹੋਇਆਂ ਨੂੰ ਸਿਉਂਦੀ ਪਰੋਂਦੀ
ਕੱਤਦੀ ਬੁਣਦੀ ਆਪਣੇ ਆਪ ਨੂੰ
ਸਮੇਂ ਸਮੇਂ
ਉਹ ਮੇਰੀ ਜਾਤ ਪੁੱਛਦੇ ਨੇ
ਖ਼ਾਨੇ ਵਿੱਚ ਭਰਨ ਲਈ।

ਮੋਬਾ.-9417706558

ਮਿੱਟੀ 'ਵਾਜ਼ਾਂ ਮਾਰਦੀ

ਕੈਨੇਡਾ ਡਾਇਰੀ-3

ਭਗਵੰਤ ਰਸੂਲਪੁਰੀ

ਅਵਤਾਰ 2004 'ਚ ਵਿਆਹ ਕਰਵਾ ਕੇ ਏਧਰ ਕੈਨੇਡਾ ਦੇ ਸਰੀ ਵੱਲ ਆਇਆ ਸੀ। ਅਵਤਾਰ ਵਰਗੇ ਸੈਂਕੜੇ ਮੁੰਡੇ ਅਨੇਕਾਂ ਸੁਪਨੇ ਲੈ ਕੇ ਪਰਵਾਸ ਕਰਦੇ ਹਨ। ਨਿਸ਼ਚੇ ਹੀ ਉਹ ਕਾਮਯਾਬ ਵੀ ਹੁੰਦੇ ਹਨ। ਮੈਂ ਅਵਤਾਰ ਰਾਹੀਂ ਉਸ ਦੀ ਪੀੜ੍ਹੀ ਨੂੰ ਸਮਝਣ ਦਾ ਯਤਨ ਕਰ ਰਿਹਾ ਹਾਂ। ਹੁਣ ਅਵਤਾਰ ਕੋਲ 42 ਏਕੜ ਦਾ ਫਾਰਮ ਏ। ਜਿਸ 'ਚ ਬੇਰੀ ਦੀ ਖੇਤੀ ਕੀਤੀ ਜਾਂਦੀ ਏ। ਫਾਰਮ 'ਚ ਦੋ ਘਰ ਨੇ। ਰਹਿਣ-ਸਹਿਣ ਦੀ ਹਰ ਸਹੂਲਤ ਏ। ਉਹ ਗੱਲਾਂ-ਗੱਲਾਂ 'ਚ ਵਾਰ-ਵਾਰ ਕਹਿੰਦਾ ਏ, 'ਬਾਈ ਏਥੇ ਕੁਝ ਨ੍ਹੀਂ। ਮੈਂ ਤਾਂ ਪਿੰਡ ਵਗ ਜਾਣਾ। ਉੱਥੇ ਔਰਗੈਨਿਕ ਖੇਤੀ ਕਰੂੰ, ਉੱਥੇ ਆਪਣੇ 30 ਏਕੜ ਐ, ਏਥੇ 42 ਵੀ ਆਪਣੇ ਨ੍ਹੀਂ। ਕਰਜ਼ੇ ਚੁੱਕ ਕੇ ਫਾਰਮ ਲਿਆ, 25 ਸਾਲਾਂ ਬਾਅਦ ਆਪਣਾ ਹਊ। ਜਦ ਤਾਂਈਂ ਸਾਡਾ ਉਂ ਈ ਸਰ ਜਾਣਾ ਤੇ ਮੇਰਾ ਜੋ ਜੁਆਕ ਐ, ਓਨੇ ਖੇਤੀ ਕਰਨੀ ਨਹੀਂ, ਗਾਂਹ ਨੂੰ ਵੇਚ ਦਊ ਜਾਂ ਉਜਾੜ ਦਊ। ਫੇਰ ਕਿਹਦੇ ਲਈ ਟੁੱਟ-ਟੁੱਟ ਮਰਨਾ, ਖੇਤ ਤਾਂ ਸਾਡੀ ਮਾਂ ਹੁੰਦੀ ਏ। ਆਪਾਂ ਤਾਂ ਪੱਥਰ 'ਤੇ ਲੀਕ ਵਾਹ 'ਤੀ, ਬੱਸ ਪਿੰਡ ਤੁਰ ਪੈਣਾ।' ਅਵਤਾਰ ਦੀ ਗੱਲ ਸੁਣ ਕੇ ਮੈਂ ਉਹਨਾਂ ਵਿਦਿਆਰਥੀਆਂ ਬਾਰੇ ਸੋਚਣ ਲੱਗ ਪਿਆ, ਜੋ ਸੈਂਕੜਿਆਂ ਦੀ ਗਿਣਤੀ 'ਚ ਕੈਨੇਡਾ ਪਰਵਾਸ ਕਰ ਰਿਹਾ ਏ। ਅਵਤਾਰ ਅੱਗੇ ਕਹਿੰਦਾ ਏ, 'ਬਾਈ! ਮੈਂ ਬੇਰੀ ਤੋੜਨ ਵਾਲੀ ਮਸ਼ੀਨ ਚਲਾਉਂਦਾ ਹਾਂ। ਸਾਢੇ ਤਿੰਨ ਲੱਖ ਡਾਲਰ ਦੀ ਇਹ ਮਸ਼ੀਨ ਹਰ ਫਾਰਮਰ ਨਹੀਂ ਲੈ ਸਕਦਾ। ਪਿਛਲੇ 20-25 ਦਿਨਾਂ ਤੋਂ ਮਸ਼ੀਨ 'ਤੇ ਹਾਂ। 10 ਤੋਂ 13 ਘੰਟੇ ਮਸ਼ੀਨ ਚੱਲਦੀ ਏ। ਸੌਣ ਨੂੰ ਮਸਾਂ 5-6 ਘੰਟੇ ਮਿਲਦੇ ਹਨ। ਬਾਈ ਜੇ ਇਹ ਮਸ਼ੀਨ ਨਾ ਆਉਂਦੀ ਤਾਂ ਬੇਰੀ ਵਾਲੇ ਸਾਰੇ ਫਾਰਮਰਾਂ ਨੇ ਬੇਰੀ ਪੁੱਟ ਦੇਣੀ ਸੀ। ਜਦੋਂ ਫਾਰਮ ਦਾ ਕੰਮ ਖਤਮ ਹੋ ਗਿਆ ਤੇ ਮੈਂ ਟਰੱਕ ਚਲਾਉਂਦਾ ...ਮੈਂ 36-36 ਤੇ 42-42 ਘੰਟੇ ਟਰੱਕ ਚਲਾਇਆ। ਬੜਾ ਔਖਾ ਪੈਂਡਾ ਬਾਈ। ਅਸੀਂ ਕਾਹਦੇ ਲਈ ਟੁੱਟ-ਟੁੱਟ ਮਰਦੇ ਐ।'

ਮੈਂ ਹੋਰ ਫਾਰਮਰਾਂ ਨਾਲ ਵੀ ਗੱਲਾਂ ਕੀਤੀਆਂ, ਜੋ ਪੰਜਾਬ 'ਚ ਖੇਤੀ ਛੱਡ ਕੇ ਏਧਰ ਪਰਵਾਰਾਂ ਨਾਲ ਆ ਗਏ ਤੇ ਏਧਰ ਵੀ ਖੇਤੀ ਕਰਨ ਲੱਗ ਪਏ। ਪਹਿਲਾਂ-ਪਹਿਲ ਗੋਰਿਆਂ ਕੋਲ ਫਾਰਮ ਸਨ। ਉਹਨਾਂ ਦੀ ਅਗਲੀ ਪੀੜ੍ਹੀ ਨੇ ਖੇਤੀ ਕੀਤੀ ਨਹੀਂ। ਸੋ ਉਹਨਾ ਨੇ ਪੰਜਾਬ ਤੋਂ ਆਏ ਪਰਵਾਰਾਂ ਨੂੰ ਫਾਰਮ ਵੇਚਣੇ ਸ਼ੁਰੂ ਕਰ ਦਿੱਤੇ। ਫਾਰਮ ਲੈਣ ਲਈ ਬੈਂਕਾਂ ਤੋਂ ਕਰਜ਼ਾ ਲੈਣਾ ਮਜਬੂਰੀ ਸੀ। ਸੋ ਫਾਰਮਾਂ ਦੀ ਬੇਰੀ ਦਾ ਉਤਪਾਦਨ ਵਧਾਉਣ ਲਈ ਉਹਨਾਂ ਨਿਸ਼ਚੇ ਹੀ ਬਹੁਤ ਮਿਹਨਤ ਕੀਤੀ। ਉਤਪਾਦਨ ਵਧਾਉਣ ਲਈ ਖਾਦਾਂ, ਸਪਰੇਆਂ ਤੇ ਮਸ਼ੀਨਰੀ ਦੇ ਚੱਕਰਵਿਊ 'ਚ ਫਸਣਾ ਜ਼ਰੂਰੀ ਸੀ। ਅਵਤਾਰ ਕਹਿੰਦਾ ਏ, 'ਬਾਈ ! ਦੂਜੇ ਬੰਦੇ ਨੂੰ ਐਂ ਲੱਗਦਾ ਕਿ ਅਸੀਂ ਵੱਡੇ-ਵੱਡੇ ਫਾਰਮ ਲੈ ਕੇ ਐਸ਼ ਕਰ ਰਹੇ ਆਂ। ਬੇਰੀ 'ਚੋਂ ਬਚਦਾ ਕੁਝ ਨ੍ਹੀਂ। ਫਾਰਮ ਦੀਆਂ ਕਿਸ਼ਤਾਂ ਤੇ ਹੋਰ ਖਰਚੇ ਐਨੇ ਹੋ ਜਾਂਦੇ ਐ ਕਿ ਪੱਲੇ ਦਿਹਾੜੀ ਪੈਂਦੀ ਐ। ਹਾਂ, ਜਦੋਂ ਫਾਰਮ ਵੇਚਣਾ ਹੋਵੇ, ਉਹਦੇ 'ਚੋਂ 2-4 ਲੱਖ ਡਾਲਰ ਬਚ ਜਾਂਦਾ। ਮੈਂ ਤਾਂ ਇਹ ਫਾਰਮ ਵੇਚ ਕੇ ਜੁਆਕਾਂ ਨੂੰ ਘਰ ਲੈ ਦੇਣਾ ਤੇ ਪੰਜਾਬ ਤੁਰ ਜਾਣਾ।'

ਪਤਾ ਨਹੀਂ ਕਿਉਂ ਅਵਤਾਰ ਦੇ ਮਨ 'ਚ ਪੰਜਾਬ ਜਾਣ ਦੀ ਘੁੰਡੀ ਫਸੀ ਹੋਈ ਏ। ਸ਼ਾਇਦ ਉਹਦੇ ਮਨ 'ਚ ਖੇਤਾਂ ਦੀ ਮਾਲਕੀ ਦੀ ਗੱਲ ਹੋਵੇ। ਪੰਜਾਬ ਦੇ ਕਿਸਾਨ ਭਾਵੇਂ ਖੇਤਾਂ ਦੇ ਮਾਲਕ ਹਨ, ਪਰ ਉਹ ਵੀ ਕਰਜ਼ੇ ਦੇ ਚੱਕਰਵਿਊ 'ਚ ਫਸ ਕੇ ਖੁਦਕੁਸ਼ੀਆਂ ਕਰ ਰਹੇ ਹਨ। ਲਿਮਟਾਂ ਬਣਾ ਕੇ ਕਰਜ਼ੇ ਚੁੱਕ ਕੇ ਆਪਣੀ ਅਗਲੀ ਪੀੜ੍ਹੀ ਨੂੰ ਵਿਦੇਸ਼ ਤੋਰ ਰਹੇ ਹਨ। ਮੈਂ ਸੋਚਦਾ ਹਾਂ ਕੈਨੇਡਾ ਦਾ ਪੰਜਾਬੀ ਕਿਸਾਨ ਕਰਜ਼ੇ ਦੇ ਬਾਵਜੂਦ ਖੁਦਕੁਸ਼ੀਆਂ ਕਿਉਂ ਨਹੀਂ ਕਰ ਰਿਹਾ। ਭਾਵੇਂ ਕਿ ਉਹਨਾਂ ਨੂੰ ਫਸਲ ਦਾ ਓਨਾ ਮੁੱਲ ਨਹੀਂ ਮਿਲ ਰਿਹਾ, ਪਰ ਉਹ ਜਦੋਂ ਚਾਹੁਣ, ਫਾਰਮ ਵੇਚ ਕੇ ਮੁਨਾਫਾ ਕਮਾ ਸਕਦੇ ਹਨ। ਏਧਰ ਅਵਤਾਰ ਵਰਗਾ ਜੇਕਰ ਅੱਜ 'ਫਾਰਮ ਸੇਲ' ਦਾ ਫੱਟਾ ਲਾ ਦੇਵੇ ਤਾਂ ਪੰਜ- ਸੱਤ ਗਾਹਕ ਲੈਣ ਲਈ ਖੜ ਜਾਣਗੇ। ਮੁਕਾਬਲੇ 'ਚ ਰੇਟ ਵਧਣਾ ਸੁਭਾਵਿਕ ਏ। ਪੰਜਾਬ 'ਚ ਅਜਿਹਾ ਨਹੀਂ, ਕਿਉਂਕਿ ਸਿਟੀ ਦੀ ਸਰਕਾਰ ਫਾਰਮਾਂ ਵਾਲਿਆਂ ਨੂੰ ਸਹੂਲਤਾਂ ਵੀ ਦਿੰਦੀ ਏ। ਉਹਨਾਂ ਨੂੰ ਇੱਕ ਸਿਸਟਮ 'ਚ ਬੰਨ੍ਹ ਦਿੰਦੀ ਏ। ਭਾਵੇਂ ਕਿਸੇ ਵੀ ਫਰੂਟ ਦੀ ਸਰਕਾਰੀ ਖਰੀਦ ਨਹੀਂ ਕੀਤੀ ਜਾਂਦੀ, ਪਰ ਫਿਰ ਵੀ ਕਿਸਾਨ ਨੂੰ ਚੰਗਾ ਜਿਊਣ ਲਈ 'ਡਾਲਰ' ਛੱਡ ਜਾਂਦੀ ਏ।

ਮੈਨੂੰ ਇਹ ਵੀ ਪਤਾ ਏ ਕਿ ਅਵਤਾਰ ਕਿਤੇ ਨਹੀਂ ਜਾਵੇਗਾ, ਇੱਥੇ ਬੈਠਾ ਹੀ ਤੜਫੀ ਜਾਵੇਗਾ। ਜੇ ਚਲੇ ਵੀ ਗਿਆ ਤਾਂ ਦੋ-ਚਾਰ ਸਾਲਾਂ 'ਚ ਉਹਦਾ ਮੋਹ ਭੰਗ ਹੋ ਜਾਵੇਗਾ। ਅਵਤਾਰ ਵਰਗੇ ਕਿਸਾਨਾਂ ਦੀ ਇੱਛਾ ਏ ਕਿ ਬੇਰੀ ਦਾ ਰੇਟ ਵੱਧ ਮਿਲੇ। ਬੇਰੀ ਤੇ ਹੋਰ ਫਰੂਟ ਨੂੰ ਸਟੋਰਾਂ ਅਤੇ ਨੇੜੇ ਦੇ ਗਵਾਂਢੀ ਦੇਸ਼ਾਂ 'ਚ ਫਰੂਟ ਸਪਲਾਈ ਕਰਨ ਵਾਲੇ ਵਪਾਰੀ ਸਟੋਰਾਂ 'ਚ ਕੁਆਲਟੀ ਦਾ ਫਰੂਟ ਹੀ ਭੇਜਦੇ ਹਨ ਤਾਂ ਕਿ ਉਹਨਾ ਦਾ ਮੁੱਲ ਸਥਿਰ ਰੱਖਿਆ ਜਾ ਸਕੇ।

ਅਵਤਾਰ ਨੂੰ ਭਾਵੇਂ ਮਿੱਟੀ 'ਵਾਜ਼ਾਂ ਮਾਰਦੀ ਏ, ਪਰ ਉਹ ਏਥੇ ਬੈਠਾ ਹੀ ਤੜਫੀ ਜਾਵੇਗਾ। ਹੁਣ ਜੋ ਵਿਦਿਆਰਥੀ ਬਣ ਕੇ ਕੈਨੇਡਾ ਪਰਵਾਸ ਕਰ ਰਹੇ ਹਨ, ਉਹ ਆਪਣਾ ਭਵਿੱਖ ਕਿਸ ਤਰ੍ਹਾਂ ਤਹਿ ਕਰਨਗੇ, ਇਹ ਸਮਾਂ ਦੱਸੇਗਾ, ਕਿਉਂਕਿ ਉਹ ਵਿਆਹ ਕਰਵਾ ਕੇ ਜਾਂ ਪਰਵਾਰਾਂ ਨਾਲ ਕੈਨੇਡਾ ਨਹੀਂ ਪਹੁੰਚੇ। ਇਹ ਖੇਤੀ 'ਚ ਬਿਲਕੁੱਲ ਨਹੀਂ ਪੈਣਗੇ।

ਸਫ਼ਾ 2 ਦੀ ਬਾਕੀ

ਜ਼ਿੰਦਗੀ ਦੇ ਨਾਟਕੀ ਮੋੜ ਦਾ ਸਵਾਲ...

ਹੋਈ, ਪਰ ਜ਼ਮੀਨ 'ਤੇ ਆ ਕੇ ਕੰਮ ਕਰਨਾ ਔਖਾ ਲਗਦਾ ਹੈ ਤੇ ਸ਼ੋਹਰਤ ਵੀ ਨਹੀਂ ਮਿਲਦੀ।

ਮੇਰੇ ਵੋਟਰ ਬਨਣ ਤੋਂ ਬਾਅਦ ਇਹ ਪਹਿਲੀ ਸਰਕਾਰ ਹੈ, ਜਿਸ ਦੇ ਤਿੰਨ-ਚਾਰ ਵਿਧਾਇਕ ਅਜਿਹੇ ਹਨ, ਜਿਨ੍ਹਾਂ ਦੇ ਮੋਬਾਇਲ ਵਿਚ ਮੇਰਾ ਫੋਨ ਨੰਬਰ ਦਰਜ ਹੈ। ਮੰਤਰੀ ਕੁਲਦੀਪ

13-Aug-Sunday.qxd 8/12/2023 10:31 PM Page 2

ਅਣਗੌਲੇ ਨਾਇਕ

ਡਾ. ਗੁਰਦੇਵ ਸਿੰਘ ਸਿੱਧੂ

ਗਦਰੀ ਬਾਬਾ ਨਿਧਾਨ ਸਿੰਘ ਮਹੇਸਰੀ

ਗਦਰ ਲਹਿਰ ਦੇ ਇਤਿਹਾਸ ਵਿਚ 'ਨਿਧਾਨ ਸਿੰਘ' ਨਾਂਅ ਵਾਲੇ ਦੋ ਵਿਅਕਤੀਆਂ ਦਾ ਜ਼ਿਕਰ ਮਿਲਦਾ ਹੈ। ਦੋਵਾਂ ਬਾਰੇ ਦੋ ਗੱਲਾਂ ਸਾਂਝੀਆਂ ਹਨ, ਪਹਿਲੀ ਕਿ ਦੋਵਾਂ ਨੇ ਗਦਰ ਪਰਟੀ ਦੀਆਂ ਗਤੀਵਿਧੀਆਂ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਅਤੇ ਦੂਜੀ ਇਹ ਕਿ ਦੋਵੇਂ ਮੋਗੇ ਦੇ ਇਲਾਕੇ ਵਿਚੋਂ ਸਨ। ਇਹਨਾਂ ਨੂੰ ਵਖਰਾਉਣ ਵਾਲੀਆਂ ਵੀ ਦੋ ਗੱਲਾਂ ਹਨ। ਜਿੱਥੇ ਵਡੇਰਾ ਨਿਧਾਨ ਸਿੰਘ ਪਿੰਡ ਚੁੱਘੇ ਦਾ ਜੰਮਪਲ ਸੀ, ਉੱਥੇ ਦੂਜਾ ਪਿੰਡ ਮਹੇਸਰੀ ਦਾ ਵਸਨੀਕ ਸੀ। ਵਡੇਰੇ ਨਿਧਾਨ ਸਿੰਘ ਨੇ ਗਦਰ ਪਾਰਟੀ ਦੇ ਮੁਢਲੇ ਦੌਰ ਦੌਰਾਨ ਇਸ ਵਿਚ ਮੋਹਰੀਆਂ ਵਾਲੀ ਭੂਮਿਕਾ ਨਿਭਾਈ, ਦੂਜੇ ਨੇ ਪਾਰਟੀ ਦੇ ਅਗਲੇ ਦੌਰ ਵਿਚ ਪਾਰਟੀ ਦੀ ਅਗਵਾਈ ਕੀਤੀ। ਗਦਰ ਪਾਰਟੀ ਵੱਲੋਂ ਪਹਿਲੀ ਸੰਸਾਰ ਜੰਗ ਦੌਰਾਨ ਆਪਣੇ ਮੈਂਬਰਾਂ ਨੂੰ ਦੇਸ਼ ਪਹੁੰਚ ਕੇ ਸਾਮਰਾਜੀ ਅੰਗਰੇਜ਼ ਸਰਕਾਰ ਖਿਲਾਫ ਹਥਿਆਰਬੰਦ ਅੰਦੋਲਨ ਕਰਨ ਲਈ ਦਿੱਤੇ ਸੱਦੇ ਨੂੰ ਹੁੰਗਾਰਾ ਭਰਦਿਆਂ ਵੱਡੀ ਗਿਣਤੀ ਵਿਚ ਗਦਰੀ ਅਮਰੀਕਾ ਤੋਂ ਹਿੰਦੁਸਤਾਨ ਵਾਪਸ ਆ ਗਏ। ਜੋ ਆਗੂ ਅਮਰੀਕਾ ਵਿਚ ਸਨ, ਅਮਰੀਕਾ ਦੀ ਸਰਕਾਰ ਨੇ ਉਹਨਾਂ ਦੇ ਵਿਰੁੱਧ ਅਮਰੀਕਾ ਦੀ ਨਿਰਪੱਖਤਾ ਨੂੰ ਢਾਹ ਲਾਉਣ ਦੇ ਦੋਸ਼ ਵਿਚ ਮੁਕੱਦਮਾ ਚਲਾ ਕੇ ਉਹਨਾਂ ਨੂੰ ਜੇਲ੍ਹ ਭੇਜ ਦਿੱਤਾ। ਇਹ ਗਦਰੀ ਯੋਧੇ ਜਿਉਂ-ਜਿਉਂ ਕੈਦ ਦੀ ਸਜ਼ਾ ਪੂਰੀ ਕਰਕੇ ਰਿਹਾਅ ਹੁੰਦੇ ਗਏ, ਗਦਰ ਪਾਰਟੀ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਲਈ ਦਿਲ ਜਾਨ ਤੋਂ ਜੁਟ ਗਏ। ਇਸ ਬਿਖੜੇ ਸਮੇਂ ਨਿਧਾਨ ਸਿੰਘ ਪਾਰਟੀ ਲਈ ਕੰਮ ਕਰਨ ਵਾਲੇ ਆਗੂਆਂ ਗਿਆਨੀ ਭਗਵਾਨ ਸਿੰਘ 'ਪ੍ਰੀਤਮ', ਭਾਈ ਸੰਤੋਖ ਸਿੰਘ ਆਦਿ ਦਾ ਸਹਿਯੋਗੀ ਸੀ। ਸਾਡੀ ਇਸ ਲਿਖਤ ਦਾ ਕੇਂਦਰ ਇਹੋ ਮਹੇਸਰੀ ਪਿੰਡ ਵਾਲਾ ਭਾਈ ਨਿਧਾਨ ਸਿੰਘ ਹੈ। ਸੰਧੂ ਗੋਤੀ ਜੱਟਾਂ ਦਾ ਪਿੰਡ ਹੋਣ ਕਾਰਨ ਇਸ ਨੂੰ ਮਹੇਸਰੀ ਸੰਧੂਆਂ ਵੀ ਕਿਹਾ ਜਾਂਦਾ ਹੈ। ਇਹ ਪਿੰਡ ਮੋਗਾ ਤੋਂ ਫਿਰੋਜ਼ਪੁਰ ਨੂੰ ਜਾਣ ਵਾਲੀ ਸੜਕ ਉੱਤੇ ਮੋਗੇ ਤੋਂ 18 ਕਿਲੋਮੀਟਰ ਦੂਰ ਹੈ।

ਜਨਮ ਤੇ ਮੁਢਲਾ ਜੀਵਨ

ਨਿਧਾਨ ਸਿੰਘ ਦਾ ਜਨਮ ਪਿੰਡ ਮਹੇਸਰੀ, ਜ਼ਿਲ੍ਹਾ ਫਿਰੋਜ਼ਪੁਰ (ਵਰਤਮਾਨ ਜ਼ਿਲ੍ਹਾ ਮੋਗਾ) ਵਿਚ ਜੱਟ ਸਿੱਖ ਸੰਧੂ ਪਰਵਾਰ ਵਿਚ ਹੀਰਾ ਸਿੰਘ ਦੇ ਘਰ ਹੋਇਆ। ਹੀਰਾ ਸਿੰਘ ਦੇ ਸਹੁਰੇ ਪਿੰਡ ਪੱਤੋ ਹੀਰਾ ਸਿੰਘ ਵਿਚ ਸਨ, ਪਰ ਉਸ ਦੀ ਪਤਨੀ ਦੇ ਨਾਂਅ ਬਾਰੇ ਜਾਣਕਾਰੀ ਨਹੀਂ ਮਿਲੀ। ਨਿਧਾਨ ਸਿੰਘ ਦੇ ਜਨਮ ਸਮੇਂ ਬਾਰੇ ਨਿਸਚਿਤ ਜਾਣਕਾਰੀ ਨਹੀਂ ਮਿਲਦੀ, ਪਰ ਉਸ ਦੀਆਂ ਜੀਵਨ ਘਟਨਾਵਾਂ ਤੋਂ ਅਨੁਮਾਨ ਲੱਗਦਾ ਹੈ ਕਿ ਉਸ ਦਾ ਜਨਮ 1890 ਦੇ ਨੇੜ-ਤੇੜ ਹੋਇਆ ਹੋਵੇਗਾ। ਹੀਰਾ ਸਿੰਘ ਦੇ ਤਿੰਨ ਪੁੱਤਰ ਸਨ, ਸਭ ਤੋਂ ਵੱਡਾ ਰਾਮ ਸਿੰਘ, ਵਿਚਕਾਰਲਾ ਨਿਧਾਨ ਸਿੰਘ ਅਤੇ ਸਭ ਤੋਂ ਛੋਟਾ ਧਿਆਨ ਸਿੰਘ। ਨਿਧਾਨ ਸਿੰਘ ਦਾ ਬਚਪਨ ਪਿੰਡ ਵਿਚ ਹੀ ਆਮ ਪੇਂਡੂ ਬੱਚਿਆਂ ਵਾਂਗ ਬੀਤਿਆ। ਪਿੰਡ ਵਿਚ ਸਕੂਲ ਤਾਂ ਨਹੀਂ ਸੀ, ਪਰ ਸੰਤ ਅਤਰ ਦਾਸ ਆਪਣੀ ਕੁਟੀਆ ਵਿਚ ਬੱਚਿਆਂ ਨੂੰ ਗੁਰਮੁਖੀ ਦਾ ਅੱਖਰ-ਗਿਆਨ ਦੇ ਕੇ ਗੁਰਬਾਣੀ ਪੜ੍ਹਨ ਦੀ ਸਿੱਖਿਆ ਦਿੰਦਾ ਸੀ। ਨਿਧਾਨ ਸਿੰਘ ਨੇ ਕੁਝ ਸਮਾਂ ਉੱਥੋਂ ਸਿੱਖਿਆ ਪ੍ਰਾਪਤ ਕੀਤੀ, ਫਿਰ ਪ੍ਰਾਇਮਰੀ ਤੱਕ ਦੀ ਸਿੱਖਿਆ ਨੇੜਲੇ ਪਿੰਡ ਦਾਰਾਪੁਰ ਦੇ ਸਕੂਲ ਅਤੇ ਮਿਡਲ ਤੱਕ ਦੀ ਸਿੱਖਿਆ ਡਰੋਲੀ ਭਾਈ ਦੇ ਸਕੂਲ ਵਿਚੋਂ ਪ੍ਰਾਪਤ ਕੀਤੀ। ਘਰ ਵਾਲਿਆਂ ਨੇ ਨਿਧਾਨ ਸਿੰਘ ਦੀ ਏਨੀ ਕੁ ਪੜ੍ਹਾਈ ਨੂੰ ਕਾਫੀ ਸਮਝਿਆ ਅਤੇ ਉਸ ਨੂੰ ਅੱਗੇ ਪੜ੍ਹਾਉਣ ਦੀ ਥਾਂ ਵੱਡੇ ਭਰਾ ਨਾਲ ਖੇਤੀ ਦਾ ਕੰਮ ਕਰਨ ਲਾ ਦਿੱਤਾ। ਪਰਵਾਰ ਦਾ ਖੇਤੀ-ਵਾਹੀ ਦਾ ਕੰਮ ਚੰਗਾ ਚਲਦਾ ਸੀ, ਜਿਸ ਕਾਰਨ ਖਾਣ-ਪੀਣ ਦੀ ਕੋਈ ਕਮੀ ਨਹੀਂ ਸੀ। ਬਚਪਨ ਤੋਂ ਹੀ ਨਰੋਏ ਸਰੀਰ ਦਾ ਮਾਲਕ ਨਿਧਾਨ ਸਿੰਘ ਸੁਭਾਅ ਦਾ ਬੜਾ ਅੱਥਰਾ ਅਤੇ ਨਿੱਡਰ ਸੀ। ਸੰਭਵ ਹੈ ਕਿ ਉਹ ਵੀ ਹੋਰਨਾਂ ਵਾਂਗ ਖੇਤੀ ਦਾ ਧੰਦਾ ਕਰਦਿਆਂ ਜੀਵਨ ਬਤੀਤ ਕਰਦਾ, ਪਰ ਉਸ ਦੇ ਅੱਥਰੇ ਸੁਭਾਅ ਨੇ ਉਸ ਦੇ ਜੀਵਨ ਦੀ ਦਿਸ਼ਾ ਬਦਲ ਦਿੱਤੀ। ਹੀਰਾ ਸਿੰਘ ਦੇ ਪਿਤਾ ਘਣ ਸਿੰਘ ਨੰਬਰਦਾਰ ਹੁਰੀਂ ਤਿੰਨ ਭਰਾ ਸਨ, ਦੂਜੇ ਦੋ ਸਨ ਗਾਂਧਾ ਸਿੰਘ ਅਤੇ ਰਣ ਸਿੰਘ। ਰੱਬ ਦੀ ਕਰਨੀ ਕਿ ਗਾਂਧਾ ਸਿੰਘ ਦੇ ਕੋਈ ਨਰੀਨਾ ਔਲਾਦ ਨਹੀਂ ਸੀ। ਵਿਰਾਸਤੀ ਵੰਡ ਅਨੁਸਾਰ ਗਾਂਧਾ ਸਿੰਘ ਦੀ ਮੌਤ ਪਿੱਛੋਂ ਉਸ ਦੇ ਹਿੱਸੇ ਦੀ ਜ਼ਮੀਨ ਦੂਜੇ ਭਰਾਵਾਂ ਨੂੰ ਮਿਲਣੀ ਸੀ, ਪਰ ਗਾਂਧਾ ਸਿੰਘ ਨੇ ਜ਼ਮੀਨ ਵਿਚੋਂ ਆਪਣਾ ਹਿੱਸਾ ਜਲੂਰ ਪਿੰਡ ਵਿਆਹੀ ਆਪਣੀ ਧੀ ਦੇ ਪੁੱਤਰ ਹਜ਼ਾਰਾ ਸਿੰਘ ਦੇ ਨਾਂਅ ਲਗਵਾ ਦਿੱਤਾ। ਫਲਸਰੂਪ ਹਜ਼ਾਰਾ ਸਿੰਘ ਮਹੇਸਰੀ ਆ ਕੇ ਨਾਨਕਾ ਢੇਰੀ ਉੱਤੇ ਖੇਤੀ ਕਰਨ ਲੱਗਾ। ਘਣ ਸਿੰਘ ਦੇ ਪਰਵਾਰ ਨੂੰ ਗਾਂਧਾ ਸਿੰਘ ਦੀ ਇਹ ਕਾਰਵਾਈ ਰੜਕਦੀ ਸੀ, ਜਿਸ ਕਾਰਨ ਦੋਵਾਂ ਧਿਰਾਂ ਵਿਚ ਮਨ-ਮੁਟਾਵ ਬਣਿਆ ਰਹਿੰਦਾ ਸੀ। ਇਹ ਤਣਾਅ ਘਣ ਸਿੰਘ ਦੀ ਅਗਲੀ ਪੀੜ੍ਹੀ, ਜਿਸ ਦਾ ਮੁਖੀ ਹੀਰਾ ਸਿੰਘ ਸੀ, ਦੇ ਸਮੇਂ ਵੀ ਬਣਿਆ ਰਿਹਾ। ਹਜ਼ਾਰਾ ਸਿੰਘ ਆਪਣੀ ਹੈਂਕੜ ਵਿਖਾਉਣ ਵਿਚ ਪਿੱਛੇ ਨਹੀਂ ਸੀ ਰਹਿੰਦਾ। ਅਜਿਹੇ ਮਾਹੌਲ ਵਿਚ ਇਕ ਦਿਨ ਖੇਤ ਵਿਚ ਉਸ ਦਾ ਹੀਰਾ ਸਿੰਘ ਦੇ ਪੁੱਤਰ ਨਿਧਾਨ ਸਿੰਘ, ਜੋ ਕੇਵਲ ਸੋਲ੍ਹਾਂ-ਸਤਾਰਾਂ ਸਾਲ ਦੀ ਉਮਰ ਦਾ ਸੀ, ਨਾਲ ਬੋਲ-ਬੁਲਾਰਾ ਹੋ ਗਿਆ। ਗੁੱਸੇ ਵਿਚ ਆਏ ਗੱਭਰੂ ਹਜ਼ਾਰਾ ਸਿੰਘ ਨੇ ਨਿਧਾਨ ਸਿੰਘ ਨਾਲ ਧੱਕਾ-ਮੁੱਕੀ ਵੀ ਕੀਤੀ। ਗੱਲ ਕਾਫੀ ਵਧ ਗਈ, ਪਰ ਮੋਹਤਬਰਾਂ ਨੇ ਵਿਚ ਪੈ ਕੇ ਗੱਲ ਰਫਾਦਫਾ ਕਰਵਾ ਦਿੱਤੀ।

ਜ਼ਿੰਦਗੀ ਦੀ ਦਿਸ਼ਾ ਬਦਲਣ ਵਾਲੀ ਘਟਨਾ

ਸਬੱਬ ਨਾਲ ਅਗਲੇ ਸਾਲ ਹਜ਼ਾਰਾ ਸਿੰਘ ਦਾ ਕਤਲ ਹੋ ਗਿਆ। ਮਹੇਸਰੀ ਨੇੜਲੇ ਡਰੋਲੀ ਭਾਈ ਵਿਚ ਮਾਘੀ ਦਾ ਮੇਲਾ ਲੱਗਦਾ ਸੀ, ਜਿੱਥੇ ਆਂਢੀ-ਗਵਾਂਢੀ ਪਿੰਡਾਂ ਦੇ ਲੋਕ ਪੁੱਜਦੇ ਸਨ। ਹਜ਼ਾਰਾ ਸਿੰਘ ਵੀ ਮਾਘੀ ਦਾ ਮੇਲਾ ਵੇਖਣ ਗਿਆ। ਆਥਣ ਦੇ ਘੁਸਮੁਸੇ ਵਿਚ ਜਦੋਂ ਉਹ ਪਿੰਡ ਤੋਂ ਬਾਹਰ ਕਾਨਿਆਂ ਦੇ ਝੁੰਡ ਵਿਚ ਪੁੱਜਾ, ਕਿਸੇ ਨੇ ਗੰਡਾਸੀਆਂ ਨਾਲ ਹਮਲਾ ਕਰ ਕੇ ਉਸ ਦਾ ਕਤਲ ਕਰ ਦਿੱਤਾ। ਪੀੜਤ ਪਰਵਾਰ ਨੇ ਇਸ ਕਤਲ ਨੂੰ ਹਜ਼ਾਰਾ ਸਿੰਘ ਅਤੇ ਨਿਧਾਨ ਸਿੰਘ ਵਿਚਕਾਰ ਹੋਈ ਤਲਖ-ਕਲਾਮੀ ਨਾਲ ਜੋੜਿਆ ਅਤੇ ਪੁਲਸ ਨੂੰ ਕੀਤੀ ਸ਼ਿਕਾਇਤ ਵਿਚ ਨਿਧਾਨ ਸਿੰਘ ਅਤੇ ਉਸ ਦੇ ਵੱਡੇ ਭਰਾ ਰਾਮ ਸਿੰਘ ਦੇ ਪੁੱਤਰ ਬਿਸ਼ਨ ਸਿੰਘ ਉੱਤੇ ਕਤਲ ਕਰਨ ਦਾ ਇਲਜ਼ਾਮ ਲਾਇਆ। ਪੁਲਸ ਨੇ ਕਤਲ ਦਾ ਮੁਕੱਦਮਾ ਦਰਜ ਕਰ ਕੇ ਨਿਧਾਨ ਸਿੰਘ ਅਤੇ ਬਿਸ਼ਨ ਸਿੰਘ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹ 1909 ਦੀ ਗੱਲ ਹੈ। ਮੁਕੱਦਮਾ ਦੋ ਸਾਲ ਚਲਦਾ ਰਿਹਾ, ਪਰ ਦੋਸ਼ ਸਿੱਧ ਨਾ ਹੋਣ ਕਾਰਨ ਦੋਵਾਂ ਨੂੰ ਜੇਲ੍ਹ ਤੋਂ ਮੁਕਤੀ ਮਿਲ ਗਈ। ਉਹਨੀਂ ਦਿਨੀਂ ਪਿੰਡਾਂ ਵਿਚ ਦੁਸ਼ਮਣੀਆਂ ਕਈ-ਕਈ ਪੀੜ੍ਹੀਆਂ ਤੱਕ ਚੱਲਦੀਆਂ ਸਨ, ਇਸ ਖਲਜਗਣ ਤੋਂ ਬਚਾਉਣ ਲਈ ਘਰ ਵਾਲਿਆਂ ਨੇ ਨਿਧਾਨ ਸਿੰਘ ਅਤੇ ਬਿਸ਼ਨ ਸਿੰਘ ਦੋਵਾਂ ਨੂੰ ਮੁਲਕ ਤੋਂ ਬਾਹਰ ਭੇਜਣ ਦਾ ਫੈਸਲਾ ਕਰ ਲਿਆ।

ਵਿਦੇਸ਼ ਜਾਣ ਦੀ ਵਿਉਂਤ ਬਣਾ ਕੇ ਚਾਚਾ-ਭਤੀਜਾ ਨਿਧਾਨ ਸਿੰਘ ਅਤੇ ਬਿਸ਼ਨ ਸਿੰਘ ਦੋਵੇਂ ਕਲਕੱਤੇ ਪਹੁੰਚੇ। ਸਮੁੰਦਰੀ ਜਹਾਜ਼ ਦਾ ਟਿਕਟ ਦਿੱਤੇ ਜਾਣ ਤੋਂ ਪਹਿਲਾਂ ਭਾਵੀ ਮੁਸਾਫਰ ਦਾ ਡਾਕਟਰੀ ਮੁਆਇਨਾ ਹੁੰਦਾ ਸੀ। ਡਾਕਟਰੀ ਮੁਆਇਨੇ ਵਿਚ ਨਿਧਾਨ ਸਿੰਘ ਸਫਲ ਰਿਹਾ, ਪਰ ਬਿਸ਼ਨ ਸਿੰਘ ਦੀਆਂ ਅੱਖਾਂ ਵਿਚ ਕੁੱਕਰੇ ਹੋਣ ਕਾਰਨ ਉਸ ਨੂੰ ਟਿਕਟ ਦਿੱਤੇ ਜਾਣ ਤੋਂ ਨਾਂਹ ਹੋ ਗਈ ਅਤੇ ਇਉਂ ਉਸ ਦਾ ਬਾਹਰ ਜਾਣਾ ਸੰਭਵ ਨਾ ਹੋ ਸਕਿਆ।

ਨਿਧਾਨ ਸਿੰਘ ਅਮਰੀਕਾ 'ਚ

ਨਿਧਾਨ ਸਿੰਘ 1912 ਵਿਚ ਪਹਿਲਾਂ ਮਨੀਲਾ ਪਹੁੰਚਿਆ ਅਤੇ ਫਿਰ ਫਿਲਪਾਈਨਜ਼। ਇਹ ਟਾਪੂ ਅਮਰੀਕਾ, ਕੈਨੇਡਾ ਆਦਿ ਤੋਂ ਆਉਣ-ਜਾਣ ਵਾਲੇ ਯਾਤਰੂਆਂ ਦੇ ਪੜਾਅ ਸਨ। ਨਿਧਾਨ ਸਿੰਘ ਨੇ ਅਜਿਹੇ ਮੁਸਾਫਰਾਂ ਤੋਂ ਅਮਰੀਕਾ ਦੀ ਖੁਸ਼ਹਾਲੀ ਦੀਆਂ ਗੱਲਾਂ ਸੁਣੀਆਂ ਅਤੇ ਉੱਥੇ ਜਣ ਲਈ ਤਾਂਘਣ ਲੱਗਾ। ਫਲਸਰੂਪ ਉਹ ਬਹੁਤਾ ਸਮਾਂ ਇਹਨਾਂ ਟਾਪੂਆਂ ਵਿਚ ਨਹੀਂ ਰੁਕਿਆ ਅਤੇ ਮਈ 1913 ਵਿਚ ਅਮਰੀਕਾ ਦੇ ਕੈਲੇਫੋਰਨੀਆ ਰਾਜ ਦੇ ਸ਼ਹਿਰ ਸਾਨਫਰਾਂਸਿਸਕੋ ਪਹੁੰਚ ਗਿਆ। ਇਕ ਤਾਂ ਇਸ ਸ਼ਹਿਰ ਦੇ ਆਸਪਾਸ ਖੇਤੀ-ਵਾਹੀ ਦਾ ਕੰਮ ਹੋਣ ਕਾਰਨ ਮਜ਼ਦੂਰੀ ਸੌਖੀ ਮਿਲ ਜਾਂਦੀ ਸੀ, ਜਿਸ ਕਾਰਨ ਇਹ ਅਮਰੀਕਾ ਵਿਚ ਪੰਜਾਬੀਆਂ ਦਾ ਵੱਡਾ ਟਿਕਾਣਾ ਬਣ ਚੁੱਕਾ ਸੀ, ਦੂਜੇ ਉਸ ਦੇ ਪਿੰਡ ਤੋਂ ਜੈਮਲ ਸਿੰਘ ਪੁੱਤਰ ਜੀਵਨ ਸਿੰਘ ਵੀ ਇਸ ਇਲਾਕੇ ਵਿਚ ਸੀ। ਸੰਭਵ ਹੈ ਕਿ ਨਿਧਾਨ ਸਿੰਘ ਉਸ ਦੀ ਸਲਾਹ ਨਾਲ ਹੀ ਅਮਰੀਕਾ ਆਇਆ ਹੋਵੇ। ਸਭ ਤੋਂ ਵੱਡੀ ਗੱਲ ਕਿ ਕੈਲੇਫੋਰਨੀਆ ਤੋਂ ਨੇੜਲੇ ਸ਼ਹਿਰ ਸਟਾਕਟਨ ਦੇ ਬਗਲ ਵਿਚ ਹੋਲਟ ਦੇ ਸਥਾਨ ਉੱਤੇ ਭਾਈ ਵਿਸਾਖਾ ਸਿੰਘ, ਭਾਈ ਜਵਾਲਾ ਸਿੰਘ, ਭਾਈ ਸੰਤੋਖ ਸਿੰਘ ਆਦਿ ਦਾ ਵੱਡੇ-ਆਕਾਰੀ ਖੇਤੀ ਫਾਰਮ ਸੀ। ਇਸ ਦਾ ਅਸਲ ਨਾਂਅ ਤਾਂ 'ਹੋਲਟ ਖੇਤੀ ਫਾਰਮ' ਸੀ, ਪਰ ਦੇਸ ਭਾਈਆਂ ਨੇ ਇਸ ਨੂੰ 'ਭਾਈਆਂ ਦਾ ਡੇਰਾ' ਨਾਂਅ ਦਿੱਤਾ ਹੋਇਆ ਸੀ। ਕਾਰਨ ਇਹ ਸੀ ਕਿ ਪੰਜਾਬ ਤੋਂ ਆਇਆ ਕੋਈ ਵਿਅਕਤੀ ਜਿੰਨੀ ਦੇਰ ਕੰਮ ਨਹੀਂ ਸੀ ਲੱਭ ਲੈਂਦਾ, ਉਸ ਨੂੰ 'ਭਾਈਆਂ ਦੇ ਡੇਰੇ' ਵਿਚ ਠਹਿਰ ਮਿਲ ਜਾਂਦੀ ਸੀ, ਲੰਗਰ ਤਾਂ ਮਿਲਦਾ ਹੀ ਸੀ। ਕਿਸੇ ਅੰਗਰੇਜ਼ ਮਾਲਕ ਕੋਲ ਕੰਮ ਲੱਭਣ ਵਾਸਤੇ ਅੰਗਰੇਜ਼ੀ ਬੋਲਣ, ਸਮਝਣ ਦੀ ਯੋਗਤਾ ਹੋਣੀ ਜ਼ਰੂਰੀ ਸੀ, ਪੰਜਾਬ ਤੋਂ ਆਉਣ ਵਾਲੇ ਬਹੁਤੇ ਲੋਕਾਂ ਦੀ ਇਹ ਅਯੋਗਤਾ ਅੰਗਰੇਜ਼ ਮਾਲਕਾਂ ਨਾਲ ਬਾਤ-ਚੀਤ ਕਰਨ ਦੇ ਰਾਹ ਵਿਚ ਅੜਿੱਕਾ ਬਣ ਜਾਂਦੀ ਸੀ, ਪਰ 'ਭਾਈਆਂ ਦੇ ਡੇਰੇ' ਵਿਚ ਕੰਮ ਮੰਗਣ ਵਾਸਤੇ ਇਹ ਭਾਸ਼ਾਈ ਦਿੱਕਤ ਵੀ ਨਹੀਂ ਸੀ ਆਉਂਦੀ। ਸੰਭਵਤਾ ਇਹਨਾਂ ਕਾਰਨਾਂ ਦੇ ਹੌਸਲੇ ਹੀ ਜੈਮਲ ਸਿੰਘ ਨੇ ਨਿਧਾਨ ਸਿੰਘ ਨੂੰ ਆਪਣੇ ਕੋਲ ਆਉਣ ਦਾ ਸੱਦਾ ਦਿੱਤਾ ਹੋਵੇ।

ਅਮਰੀਕਾ 'ਚ ਗਦਰ ਪਾਰਟੀ ਦਾ ਗਠਨ

ਵੀਹਵੀਂ ਸਦੀ ਦੇ ਆਰੰਭ ਤੋਂ ਹੀ ਪੰਜਾਬੀ ਇਸ ਇਲਾਕੇ ਵਿਚ ਆ ਰਹੇ ਸਨ। ਹੱਟੇ-ਕੱਟੇ ਪੰਜਾਬੀ ਗੱਭਰੂ ਅਮਰੀਕਨ ਮਜ਼ਦੂਰ ਨਾਲੋਂ ਵੱਧ ਕੰਮ ਕਰਦੇ ਸਨ, ਇਸ ਲਈ ਕੰਮ ਕਰਵਾਉਣ ਵਾਲੇ ਮਜ਼ਦੂਰ ਲੈਣ ਵੇਲੇ ਉਹਨਾਂ ਨੂੰ ਤਰਜੀਹ ਦਿੰਦੇ। ਇਸ ਕਾਰਨ ਸਥਾਨਕ ਮਜ਼ਦੂਰ ਉਹਨਾਂ ਨਾਲ ਈਰਖਾ ਕਰਦੇ ਸਨ, ਜਿਸ ਦਾ ਸਿੱਟਾ ਕਈ ਝੜਪਾਂ ਵਿਚ ਨਿਕਲਿਆ। ਅਮਰੀਕਾ ਵਰਗੇ ਆਜ਼ਾਦ ਮੁਲਕ ਵਿਚ ਆ ਕੇ ਪੰਜਾਬੀਆਂ ਨੂੰ ਗੁਲਾਮ ਮੁਲਕ ਦੇ ਸ਼ਹਿਰੀ ਹੋਣ ਦੀ ਹੀਣਤਾ ਵੀ ਮਹਿਸੂਸ ਹੋਣ ਲੱਗੀ। ਇਹਨਾਂ ਕਾਰਨਾਂ ਸਦਕਾ ਉਹ ਜਥੇਬੰਦ ਹੋਣ ਲੱਗ ਪਏ। ਜੀ ਡੀ ਕੁਮਾਰ, ਬਾਬੂ ਹਰਨਾਮ ਸਿੰਘ ਆਦਿ ਪਹਿਲਾਂ ਹੀ ਅਜਿਹਾ ਪ੍ਰਚਾਰ ਕਰ ਰਹੇ ਸਨ। ਫਲਸਰੂਪ ਪੋਰਟਲੈਂਡ ਵਿਚਲੇ ਪੰਜਾਬੀਆਂ ਨੇ ਇਕ ਇਕੱਠ ਕਰਕੇ 'ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸਫਿਕ ਕੋਸਟ' ਨਾਂਅ ਦੀ ਜਥੇਬੰਦੀ ਬਣਾਈ, ਜਿਸ ਦਾ ਪ੍ਰਧਾਨ ਭਾਈ ਸੋਹਨ ਸਿੰਘ ਭਕਨਾ, ਜਨਰਲ ਸਕੱਤਰ ਜੀ ਡੀ ਕੁਮਾਰ ਅਤੇ ਖਜ਼ਾਨਚੀ ਪੰਡਤ ਕਾਂਸ਼ੀ ਰਾਮ ਨੂੰ ਚੁਣਿਆ ਗਿਆ। ਹੋਰ ਥਾਵਾਂ ਉੱਤੇ ਵੀ ਐਸੋਸੀਏਸ਼ਨ ਦੀਆਂ ਸ਼ਾਖਾਵਾਂ ਬਣਾਈਆਂ ਗਈਆਂ, ਪਰ ਜੀ ਡੀ ਕੁਮਾਰ ਦੇ ਬਿਮਾਰ ਹੋ ਜਾਣ ਕਾਰਨ ਕੰਮ ਨੇ ਤੇਜ਼ੀ ਨਾ ਫੜੀ। ਜਦ ਸ੍ਰੀ ਕੁਮਾਰ ਦੀ ਥਾਂ ਇਹ ਜ਼ਿੰਮੇਵਾਰੀ ਲਾਲਾ ਹਰਦਿਅਲ ਨੂੰ ਸੌਂਪੀ ਗਈ ਤਾਂ ਐਸੋਸੀਏਸ਼ਨ ਨੂੰ ਸਰਗਰਮ ਕਰਨ ਵਾਸਤੇ ਲਾਲਾ ਹਰਦਿਆਲ ਦੀ ਅਗਵਾਈ ਵਿਚ ਸੋਹਨ ਸਿੰਘ ਭਕਨਾ ਅਤੇ ਹੋਰ ਆਗੂ ਥਾਂ-ਥਾਂ ਮੀਟਿੰਗਾਂ ਕਰਨ ਲੱਗੇ। ਛੇਤੀ ਹੀ 'ਭਾਈਆਂ ਦੇ ਡੇਰੇ' ਦੇ ਵਸਨੀਕ ਵੀ ਇਸ ਜਥੇਬੰਦੀ ਵਿਚ ਸ਼ਾਮਲ ਹੋ ਗਏ। ਮਹੇਸਰੀ ਵਾਸੀ ਜੈਮਲ ਸਿੰਘ ਇਹਨਾਂ ਮੀਟਿੰਗਾਂ ਵਿਚ ਸ਼ਾਮਲ ਹੁੰਦਾ ਸੀ ਅਤੇ ਉਸ ਦੇ ਨਾਲ ਹੀ ਨਿਧਾਨ ਸਿੰਘ, ਜਿਸ ਨੂੰ ਅਜੇ ਪੱਕੇ ਤੌਰ ਉੱਤੇ ਕੋਈ ਕੰਮ ਨਹੀਂ ਸੀ ਮਿਲਿਆ, ਵੀ ਵਿਹਲਾ ਸਮਾਂ ਬਤੀਤ ਕਰਨ ਵਾਸਤੇ ਇਹਨਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਲੱਗਾ। ਇਹਨਾਂ ਮੀਟਿੰਗਾਂ ਦੌਰਾਨ ਉਸ ਦੀ ਮੁਲਾਕਾਤ ਮੋਗਾ ਇਲਾਕੇ ਦੇ ਨਿਧਾਨ ਸਿੰਘ ਪਿੰਡ ਚੁੱਘਾ, ਗਾਂਧਾ ਸਿੰਘ ਪਿੰਡ ਕੱਚਰਭੰਨ, ਰੋਡਾ ਸਿੰਘ ਪਿੰਡ ਰੋਡੇ, ਰੂੜ ਸਿੰਘ ਪਿੰਡ ਚੂਹੜ ਚੱਕ ਆਦਿ ਨਾਲ ਹੋਈ। ਇਹ ਸਾਰੇ ਕਈ-ਕਈ ਸਾਲ ਪਹਿਲਾਂ ਅਮਰੀਕਾ ਵਿਚ ਆ ਕੇ ਪੈਰ ਜਮਾ ਚੁੱਕੇ ਸਨ, ਪਰ ਅਮਰੀਕਾ ਵਿਚ ਹੱਡਬੀਤੀਆਂ ਘਟਨਾਵਾਂ ਨੇ ਉਹਨਾਂ ਦੇ ਮਨ ਵਿਚ ਅੰਗਰੇਜ਼ੀ ਗੁਲਾਮੀ ਦਾ ਅਹਿਸਾਸ ਕਰਵਾ ਦਿੱਤਾ, ਜਿਸ ਤੋਂ ਮੁਕਤੀ ਪ੍ਰਾਪਤੀ ਲਈ ਉਹ ਗਦਰ ਪਾਰਟੀ ਦੀ ਸੋਚ ਨਾਲ ਜੁੜ ਗਏ ਸਨ। ਉਹਨਾਂ ਦੀ ਸੰਗਤ ਵਿਚ ਨਿਧਾਨ ਸਿੰਘ ਗਦਰੀ ਸੋਚ ਤੋਂ ਪ੍ਰਭਾਵਤ ਹੋ ਕੇ ਭੁੱਲ ਗਿਆ ਕਿ ਉਹ ਅਮਰੀਕਾ ਵਿਚ ਚੰਗੀ ਚੋਖੀ ਕਮਾਈ ਕਰਨ ਆਇਆ ਹੈ। ਉਸ ਨੇ ਆਪਣੇ ਕੰਮ ਵਿਚ ਦਿਲਚਸਪੀ ਲੈਣ ਦੀ ਥਾਂ ਗਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਭਾਗ ਲੈਣਾ ਸ਼ੁਰੂ ਕੀਤਾ।

**ਨਿਧਾਨ ਸਿੰਘ ਗਦਰ ਆ